ਗਿਆਨ ਦੇ ਸਾਧਨ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਪਿੱਛਲੇ ਅਧਿਆਇ ਵਿੱਚ ਕੀਤੀ ਗਈ ਵੀਚਾਰ ਤੋਂ ਇਹ ਸਪਸ਼ਟ ਹੋਇਆ ਕਿ ਪ੍ਰਵ੍ਰਿਤੀ ਦਾ ਉਦੇਸ਼ ਗਿਆਨ ਪ੍ਰਾਪਤ ਕਰਨਾ ਹੈ। ਹੁਣ ਪ੍ਰਸ਼ਨ ਇਹ ਹੈ ਕਿ ਇਹ ਗਿਆਨ ਪ੍ਰਾਪਤ ਕਿਵੇਂ ਹੋ ਸਕਦਾ ਹੈ? ਗਿਆਨ ਪ੍ਰਾਪਤ ਕਰਨ ਦੇ ਸਾਧਨ ਕੀ ਹਨ?

ਪ੍ਰਮਾਣ

ਸੰਸਕ੍ਰਿਤ ਭਾਸ਼ਾ ਵਿੱਚ ਗਿਆਨ ਨੂੰ 'ਪ੍ਰਮਾ' (प्रमा) ਵੀ ਆਖਿਆ ਜਾਂਦਾ ਹੈ। ਜੋ ਪ੍ਰਮਾ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ, ਉਸ ਨੂੰ 'ਪ੍ਰਮਾਣ' (प्रमाण) ਕਿਹਾ ਜਾਂਦਾ ਹੈ। ਜਿਸ ਬਾਰੇ ਜਾਣਿਆ ਗਿਆ, ਜਾਂ ਇਹ ਆਖ ਲਉ ਕਿ ਜਿਸ ਬਾਰੇ ਪ੍ਰਮਾ ਹਾਸਿਲ ਕੀਤੀ ਗਈ, ਉਹ ਪ੍ਰਮੇਯ (प्रमेय) ਹੈ । ਜਿਸ ਨੂੰ ਇਹ ਪ੍ਰਮਾ ਜਾਂ ਗਿਆਨ ਹਾਸਿਲ ਹੋਇਆ, ਉਹ 'ਪ੍ਰਮਾਤਾ' (प्रमाता) ਆਖਿਆ ਜਾਂਦਾ ਹੈ।

ਜੇ ਇਸ ਨੂੰ ਹੋਰ ਢੰਗ ਨਾਲ ਸਮਝਾਉਣਾ ਹੋਏ, ਤਾਂ ਅਸੀਂ ਇਹ ਆਖ ਸਕਦੇ ਹਾਂ ਕਿ ਗਿਆਨ ਪ੍ਰਮਾ ਨੂੰ ਆਖਦੇ ਹਨ। ਜੋ ਪ੍ਰਮਾ ਪ੍ਰਾਪਤ ਕਰਦਾ ਹੈ, ਉਹ ਪ੍ਰਮਾਤਾ ਹੈ। ਜਿਸ ਬਾਰੇ ਪ੍ਰਮਾ ਜਾਂ ਗਿਆਨ ਪ੍ਰਾਪਤ ਹੁੰਦਾ ਹੈ, ਉਹ 'ਪ੍ਰਮੇਯ' ਹੈ। ਜਿਸ ਸਾਧਨ ਰਾਹੀਂ ਕਿਸੇ 'ਪ੍ਰਮੇਯ' ਬਾਰੇ ਜਾਣਿਆ ਜਾਂਦਾ ਹੈ, ਉਹ ਸਾਧਨ ਹੀ 'ਪ੍ਰਮਾਣ' ਹੈ। ਭਾਵ, ਪ੍ਰਮਾਤਾ ਕਿਸੇ ਪ੍ਰਮਾਣ ਰਾਹੀਂ ਕਿਸੇ ਪ੍ਰਮੇਯ ਦੀ ਪ੍ਰਮਾ ਹਾਸਿਲ ਕਰਦਾ ਹੈ।

ਪ੍ਰਮਾਣ ਕਿੰਨੇ ਹਨ?

ਵੱਖ-ਵੱਖ ਵਿਦਵਾਨਾਂ ਨੇ ਪ੍ਰਮਾਣਾਂ ਦੀ ਗਿਣਤੀ ਵੱਖ-ਵੱਖ ਦੱਸੀ ਹੈ। ਇਹ ਗਿਣਤੀ ਕਿਸੇ ਵਿਦਵਾਨ ਨੇ ਤਿੰਨ ਤੇ ਕਿਸੇ ਨੇ ਚਾਰ ਦੱਸੀ ਹੈ। ਕਿਸੇ-ਕਿਸੇ ਵਿਦਵਾਨ ਨੇ ਅੱਠ ਪ੍ਰਮਾਣ ਵੀ ਆਖੇ ਹਨ।

'ਯੋਗ ਸੂਤ੍ਰ' ਦੇ ਦਰਸ਼ਨਕਾਰ ਆਚਾਰੀਆ ਸ੍ਰੀ ਪਤੰਜਲੀ ਨੇ ਪ੍ਰਮਾਣਾਂ ਦੀ ਗਿਣਤੀ ਤਿੰਨ ਲਿੱਖੀ ਹੈ।

> प्रत्यक्षानुमानागमा: प्रमाणानि:॥ (७, समाधिपाद, योगसूत्र)।
> ਪ੍ਰਤਯਕਸ਼ਾਨੁਮਾਨਾਗਮਾ: ਪ੍ਰਮਾਣਾਨਿ: ॥ (੭, ਸਮਾਧਿ ਪਾਦ, ਯੋਗਸੂਤ੍ਰ)।

ਸਾਂਖਯ ਦਰਸ਼ਨ ਨੇ ਵੀ ਪ੍ਰਮਾਣ ਤਿੰਨ ਹੀ ਗਿਣੇ ਹਨ ।

> तत त्रिविधम प्रमाणम॥ (५२, प्रथम अध्याय, सांख्य दर्शन)।
> ਤਤ ਤ੍ਰਿਵਿਧਮ ਪ੍ਰਮਾਣਮ॥ (੫੨, ਪਹਿਲਾ ਅਧਿਆਇ, ਸਾਂਖਯ ਦਰਸ਼ਨ)।
>
> त्रिविधम प्रमाणम॥ (२१, तत्त्व समास)।

ਨਯਾਯ ਸ਼ਾਸ਼ਤਰ ਦੇ ਰਚਣਹਾਰ ਆਚਾਰੀਆ ਗੌਤਮ ਨੇ ਚਾਰ ਪ੍ਰਮਾਣ ਮੰਨੇ ਹਨ ।

> प्रत्यक्षानुमानोपमानशब्दा: प्रमाणानि: ॥ (३, प्रथम आन्हिक, प्रथम अध्याय, न्यायदर्शन)।
> ਪ੍ਰਤਯਕਸ਼ਾਨੁਮਾਨੋਪਮਾਨਸ਼ਬਦਾ: ਪ੍ਰਮਾਣਾਨਿ: ॥ (੩, ਪਹਿਲਾ ਆਨਹਿਕ, ਨਯਾਯਦਰਸ਼ਨ)।

ਅਸਲ ਵਿੱਚ, ਜਿਨ੍ਹਾਂ ਵਿਦਵਾਨਾਂ ਨੇ ਜਿਸ ਨੂੰ 'ਉਪਮਾਨ ਪ੍ਰਮਾਣ' ਆਖਿਆ ਹੈ, ਉਸੇ ਨੂੰ ਹੋਰਨਾਂ ਵਿਦਵਾਨਾਂ ਨੇ 'ਅਨੁਮਾਨ ਪ੍ਰਮਾਣ' ਵਿੱਚ ਹੀ ਗਿਣ ਲਿਆ ਹੈ। ਜਿਨ੍ਹਾਂ ਵਿਦਵਾਨਾਂ ਨੇ ਜਿਹੜੇ ਅਨੁੱਪਲਬਧੀ ਆਦਿ ਚਾਰ ਹੋਰ ਪ੍ਰਮਾਣ ਮੰਨੇ ਹਨ, ਉਨ੍ਹਾਂ ਨੂੰ ਬਾਕੀ ਵਿਦਵਾਨਾਂ ਨੇ ਮੁੱਖ ਤਿੰਨ ਜਾਂ ਚਾਰ ਪ੍ਰਮਾਣਾਂ ਵਿੱਚ ਹੀ ਸ਼ਾਮਿਲ ਕੀਤਾ ਹੈ ।

ਜੇ 'ਉਪਮਾਨ ਪ੍ਰਮਾਣ' ਨੂੰ ਵੱਖਰਾ ਪ੍ਰਮਾਣ ਮੰਨ ਲਿਆ ਜਾਏ, ਤਾਂ ਪ੍ਰਮਾਣਾਂ ਦੀ ਗਿਣਤੀ ਚਾਰ ਹੋ ਜਾਂਦੀ ਹੈ। ਇਹ ਚਾਰ ਪ੍ਰਮਾਣ ਇਸ ਪ੍ਰਕਾਰ ਹਨ: -

੧. ਪ੍ਰਤੱਖ ਪ੍ਰਮਾਣ
੨. ਅਨੁਮਾਨ ਪ੍ਰਮਾਣ
੩, ਉਪਮਾਨ ਪ੍ਰਮਾਣ, ਤੇ
੪. ਸ਼ਬਦ ਪ੍ਰਮਾਣ ।

੧. ਪ੍ਰਤੱਖ ਪ੍ਰਮਾਣ

ਆਮ ਪ੍ਰਚੱਲਿਤ ਵਿਆਖਿਆ ਅਨੁਸਾਰ ਪ੍ਰਤੱਖ ਪ੍ਰਮਾਣ ਉਹ ਗਿਆਨ ਹੈ, ਜੋ ਕਿਸੇ ਨੂੰ ਉਸ ਸਮੇਂ ਪ੍ਰਾਪਤ ਹੁੰਦਾ ਹੈ, ਜਦੋਂ ਉਸ ਦੀ ਕਿਸੇ ਗਿਆਨ ਇੰਦਰੀ ਦਾ ਕਿਸੇ ਪ੍ਰਮੇਯ ਨਾਲ ਸੰਪਰਕ ਹੁੰਦਾ ਹੈ।

ਆਚਾਰੀਆ ਗੌਤਮ ਨੇ ਨਯਾਯ ਸ਼ਾਸ਼ਤਰ ਵਿੱਚ ਇੰਝ ਵਰਣਨ ਕੀਤਾ ਹੈ : -

> इंद्रियार्थसन्निकर्षोत्पन्नम ज्ञानम अव्यप्देश्यम अव्यभिचारि व्यवसायात्मकम प्रत्यक्षम॥
> (४, प्रथम आन्हिक, प्रथम अध्याय, न्यायदर्शन)।
>
> ਇੰਦਰਿਯਾਰਥਸੰਨਿਕਰਸ਼ੋਤਪੰਨਮ ਗਯਾਨਮ ਅਵਯਪਦੇਸ਼ਯਮ ਅਵਯਭਿਚਾਰਿ ਵਯਵਸਾਯਾਤਮਕਮ ਪ੍ਰਤਯਕਸ਼ਮ ॥
> (੪, ਪਹਿਲਾ ਆਨਹਿਕ, ਪਹਿਲਾ ਅਧਿਆਏ, ਨਯਾਯਦਰਸ਼ਨ)।

ਅਕਸਰ ਵਿਦਵਾਨ ਆਖਦੇ ਹਨ ਕਿ ਕਿਸੇ ਗਿਆਨ ਇੰਦਰੀਆਂ ਦਾ ਪ੍ਰਮੇਯ ਨਾਲ ਸੰਪਰਕ ਹੋਣ ਸਮੇਂ ਮਨ ਦਾ ਵੀ ਉਸ ਗਿਆਨ ਇੰਦਰੀ ਨਾਲ ਜੁੜਿਆ ਹੋਣਾ ਜ਼ਰੂਰੀ ਹੈ। ਅਸਲ ਗੱਲ ਇਹ ਹੈ ਕਿ ਮਨ ਵੀ ਇੱਕ ਗਿਆਨ ਇੰਦਰੀ ਹੈ। ਇਸ ਮਨ ਰੂਪੀ ਗਿਆਨ-ਇੰਦਰੀ ਦਾ ਸੰਪਰਕ ਹੋਣ ਤੋਂ ਬਿਨ੍ਹਾਂ ਬਾਹਰੀ ਕਿਸੇ ਹੋਰ ਗਿਆਨ ਇੰਦਰੀ ਦਾ ਕਿਸੇ ਵਿਸ਼ੇ (ਪ੍ਰਮੇਯ) ਨਾਲ ਸੰਪਰਕ ਹੋਣ 'ਤੇ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਉਹ ਵਿਸ਼ੇ, ਜੋ ਗਿਆਨ-ਇੰਦਰੀਆਂ ਅਤੇ ਮਨ ਤੋਂ ਵੀ ਸੂਖਮ ਹਨ, ਸੰਪਰਗਿਆਤ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਦੌਰਾਨ ਪ੍ਰਤੱਖ ਕੀਤੇ ਜਾਂਦੇ ਹਨ। ਅਜਿਹੇ ਪ੍ਰੱਤਖ ਲਈ ਗਿਆਨ-ਇੰਦਰੀਆਂ ਦੀ ਵਰਤੋਂ ਨਹੀਂ ਹੁੰਦੀ।

ਸਥੂਲ ਜਾਂ ਬਾਹਰੀ ਗਿਆਨ ਇੰਦਰੀਆਂ ਪੰਜ ਹਨ: -

੧. ਕੰਨ,
੨. ਚਮੜੀ,
੩. ਅੱਖਾਂ,
੪. ਜੀਭ (ਰਸਨਾ), ਤੇ
੫. ਨੱਕ

ਸੂਖਮ ਸ਼ਰੀਰ ਦੀਆਂ ਵੀ ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ: -

੧. ਸੂਖਮ ਕੰਨ,
੨. ਸੂਖਮ ਚਮੜੀ,
੩. ਸੂਖਮ ਅੱਖਾਂ,
੪. ਸੂਖਮ ਜੀਭ (ਰਸਨਾ), ਤੇ
੫. ਸੂਖਮ ਨੱਕ ।

ਸੂਖਮ ਸ਼ਰੀਰ ਦੀਆਂ ਪੰਜ ਗਿਆਨ ਇੰਦਰੀਆਂ ਨੂੰ ਪੰਜ ਦਿਵਯ (ਦਿੱਬ) ਗਿਆਨ-ਇੰਦਰੀਆਂ ਆਖ ਕੇ ਇਹ ਨਾਮ ਵੀ ਦੇ ਦਿੱਤੇ ਜਾਂਦੇ ਹਨ: - ੧. ਦਿਵਯ ਕੰਨ, ੨. ਦਿਵਯ ਚਮੜੀ, ੩. ਦਿਵਯ ਅੱਖਾਂ, ੪. ਦਿਵਯ ਜੀਭ (ਰਸਨਾ), ਤੇ ੫. ਦਿਵਯ ਨੱਕ।

ਮਨ ਵੀ ਇੱਕ ਗਿਆਨ ਇੰਦਰੀ ਹੈ।

ਸਥੂਲ ਜਾਂ ਬਾਹਰੀ ਪੰਜ ਗਿਆਨ ਇੰਦਰੀਆਂ ਦੇ ਵਿਸ਼ੇ ਵੀ ਪੰਜ ਹਨ, ਜਿਨ੍ਹਾਂ ਬਾਰੇ ਇੰਨ੍ਹਾਂ ਗਿਆਨ ਇੰਦਰੀਆਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ।

ਇਹ ਵਿਸ਼ੇ ਇਸ ਪ੍ਰਕਾਰ ਹਨ: -

੧. ਸ਼ਬਦ,
੨ ਸਪਰਸ਼,
੩. ਰੂਪ,
੪. ਰਸ, ਤੇ

੫. ਗੰਧ।

ਗਿਆਨ ਇੰਦਰੀ ਕੰਨ ਦਾ ਵਿਸ਼ਾ ਸ਼ਬਦ ਹੈ। ਚਮੜੀ ਦਾ ਵਿਸ਼ਾ ਸਪਰਸ਼ ਹੈ। ਅੱਖ ਦਾ ਵਿਸ਼ਾ ਰੂਪ ਹੈ। ਜੀਭ ਦਾ ਵਿਸ਼ਾ ਰਸ ਹੈ। ਤੇ, ਨੱਕ ਦਾ ਵਿਸ਼ਾ ਗੰਧ (SMELL) ਹੈ।

ਹਰ ਗਿਆਨ ਇੰਦਰੀ ਕੇਵਲ ਇੱਕ ਵਿਸ਼ੇ ਦਾ ਹੀ ਗਿਆਨ ਪ੍ਰਾਪਤ ਕਰਦੀ ਹੈ। ਕੰਨ ਕਿਸੇ ਆਵਾਜ਼ (ਸ਼ਬਦ) ਨੂੰ ਹੀ ਹੁਣ ਸਕਦੇ ਹਨ। ਕਿਉਂਕਿ, ਕੰਨ ਵਿੱਚ ਦੇਖਣ ਦੀ ਸਮੱਰਥਾ ਨਹੀਂ ਹੁੰਦੀ, ਇਸ ਲਈ 'ਰੂਪ' ਕੰਨ ਦਾ ਵਿਸ਼ਾ ਨਹੀਂ ਹੁੰਦਾ। ਕੰਨ ਗਿਆਨ ਇੰਦਰੀ ਦੀ ਸਪਰਸ਼ ਕਰਨ ਦੀ ਸਮਰਥਾ ਨਹੀਂ ਹੁੰਦੀ, ਇਸਲਈ ਸਪਰਸ਼ ਵੀ ਗਿਆਨ ਇੰਦਰੀ ਕੰਨ ਦਾ ਵਿਸ਼ਾ ਨਹੀਂ।

ਕੋਈ ਕਹਿ ਸਕਦਾ ਹੈ ਕਿ ਕੰਨ ਨਾਲ ਕਿਸੇ ਵਸਤੂ ਨੂੰ ਸਪਰਸ਼ ਕੀਤਾ ਜਾ ਸਕਦਾ ਹੈ। ਅਸਲੀਅਤ ਇਹ ਹੈ ਕਿ ਗਿਆਨ ਇੰਦਰੀ ਕੰਨ ਦਾ ਵਿਸ਼ਾ ਸਿਰਫ਼ ਸੁਣਨਾ ਹੀ ਹੁੰਦਾ ਹੈ। ਜਦੋਂ ਕੋਈ ਕਿਸੇ ਵਸਤੂ ਨੂੰ ਕੰਨ ਨਾਲ ਸਪਰਸ਼ ਕਰਦਾ ਹੈ, ਤਾਂ ਅਸਲ ਵਿੱਚ ਕੰਨ ਦੀ ਚਮੜੀ ਹੀ ਉਸ ਵਸਤੂ ਨੂੰ ਛੂਹ ਰਹੀ ਹੁੰਦੀ ਹੈ। ਕੰਨ ਗਿਆਨ ਇੰਦਰੀ ਕਿਸੇ ਵਸਤੂ ਦਾ ਸੁਆਦ ਨਹੀਂ ਚੱਖ ਸਕਦੀ। ਕੰਨ ਗਿਆਨ ਇੰਦਰੀ ਕਿਸੇ ਵਸਤੂ ਦੀ ਗੰਧ ਨੂੰ ਨਹੀਂ ਮਹਿਸੂਸ ਕਰ ਸਕਦੀ।

ਇਸੇ ਪ੍ਰਕਾਰ ਬਾਕੀ ਗਿਆਨ ਇੰਦਰੀਆਂ ਬਾਰੇ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਵਿਸ਼ਾ ਵੀ ਕੇਵਲ ਇੱਕ ਹੀ ਹੁੰਦਾ ਹੈ।

ਪ੍ਰੱਤਖ ਗਿਆਨ ਉਦੋਂ ਪ੍ਰਾਪਤ ਹੁੰਦਾ ਹੈ, ਜਦੋਂ ਕਿਸੇ ਗਿਆਨ ਇੰਦਰੀ ਦਾ ਕਿਸੇ ਵਸਤੂ (ਵਿਸ਼ੇ/ਪ੍ਰਮੇਯ) ਨਾਲ ਸੰਪਰਕ ਹੁੰਦਾ ਹੈ।

ਉਦਾਹਰਣ ਵਜੋਂ, ਕਿਸੇ ਦੀ ਆਵਾਜ਼ ਸੁਣ ਕੇ ਗਿਆਨ ਇੰਦਰੀ ਕੰਨ ਦੁਆਰਾ ਉਸ ਦੇ ਸ਼ਬਦ ਦਾ ਗਿਆਨ ਹੁੰਦਾ ਹੈ। ਕਿਸੇ ਵਸਤੂ ਨੂੰ ਗਿਆਨ ਇੰਦਰੀ ਚਮੜੀ (ਤਵੱਚਾ) ਨਾਲ ਛੂਹ ਕੇ ਉਸ ਵਸਤੂ ਦੇ ਸਪਰਸ਼ ਦਾ ਗਿਆਨ ਪ੍ਰਾਪਤ ਹੁੰਦਾ ਹੈ। ਜਦੋਂ ਗਿਆਨ ਇੰਦਰੀ ਅੱਖ ਕਿਸੇ ਫੁੱਲ ਨੂੰ ਵੇਖਦੀ ਹੈ, ਤਾਂ ਪ੍ਰਮਾਤਾ (ਵੇਖਣ ਵਾਲੇ) ਨੂੰ ਉਸ ਫੁੱਲ ਦੇ ਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਿਸੇ ਵਸਤੂ ਨੂੰ ਚੱਖ ਕੇ ਉਸ ਵਸਤੂ ਦੇ ਸੁਆਦ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਉਸੇ ਫੁੱਲ ਦੀ ਸੁਗੰਧੀ ਦੀ ਸਿੱਧੇ ਸੰਪਰਕ ਵਿੱਚ ਆ ਕੇ ਗਿਆਨ ਇੰਦਰੀ ਨੱਕ ਰਾਹੀਂ ਉਸ ਫੁੱਲ ਦੀ ਗੰਧ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਸੂਖਮ ਸ਼ਰੀਰ ਦੀਆਂ ਪੰਜ ਗਿਆਨ ਇੰਦਰੀਆਂ ਦੇ ਵਿਸ਼ੇ ਵੀ ਪੰਜ ਹਨ, ਜਿਨ੍ਹਾਂ ਬਾਰੇ ਇੰਨ੍ਹਾਂ ਗਿਆਨ ਇੰਦਰੀਆਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ।

ਇਹ ਵਿਸ਼ੇ ਇਸ ਪ੍ਰਕਾਰ ਹਨ: -

੧. ਸੂਖਮ ਸ਼ਬਦ,
੨. ਸੂਖਮ ਸਪਰਸ਼,
੩. ਸੂਖਮ ਰੂਪ,
੪. ਸੂਖਮ ਸੁਆਦ, ਤੇ
੫. ਸੂਖਮ ਗੰਧ।

ਇਨ੍ਹਾਂ ਨੂੰ ਇਹ ਨਾਮ ਵੀ ਦੇ ਦਿੱਤੇ ਜਾਂਦੇ ਹਨ: - ੧. ਦਿਵਯ ਸ਼ਬਦ, ੨. ਦਿਵਯ ਸਪਰਸ਼, ੩. ਦਿਵਯ ਰੂਪ, ੪. ਦਿਵਯ ਸੁਆਦ, ਤੇ ੫. ਦਿਵਯ ਗੰਧ।

ਕਿਸੇ ਵੀ ਗਿਆਨ ਇੰਦਰੀ ਦਾ ਜਦੋਂ ਉਸ ਗਿਆਨ ਇੰਦਰੀ ਨਾਲ ਸੰਬੰਧਿਤ ਵਿਸ਼ੇ ਨਾਲ ਸੰਪਰਕ ਹੁੰਦਾ ਹੈ, ਤਾਂ ਉਸ ਗਿਆਨ ਇੰਦਰੀ ਦਾ ਮਨ ਨਾਲ ਸੰਯੋਗ ਹੋਣ ਨਾਲ ਉਸ ਵਿਸ਼ੇ ਦਾ ਗਿਆਨ ਹੁੰਦਾ ਹੈ। ਅਜਿਹਾ ਗਿਆਨ ਪ੍ਰਾਪਤ ਕਰਨ ਲਈ ਗਿਆਨ ਇੰਦਰੀ ਨੂੰ ਸਾਧਨ ਵਜੋਂ ਵਰਤਿਆ ਗਿਆ। ਉਸ ਗਿਆਨ ਇੰਦਰੀ ਦਾ ਆਪਣੇ ਸੰਬੰਧਿਤ ਵਿਸ਼ੇ ਨਾਲ ਪ੍ਰਤੱਖ ਸੰਪਰਕ ਹੋਣ ਕਾਰਣ ਗਿਆਨ ਪ੍ਰਾਪਤ ਹੋਇਆ। ਇਸਲਈ ਇਸ ਗਿਆਨ ਦੇ ਇਸ ਸਾਧਨ ਨੂੰ ਪ੍ਰਤੱਖ ਪ੍ਰਮਾਣ ਕਿਹਾ ਗਿਆ ਹੈ।

ਉਹ ਵਿਸ਼ੇ, ਜੋ ਗਿਆਨ-ਇੰਦਰੀਆਂ ਅਤੇ ਮਨ ਤੋਂ ਵੀ ਸੂਖਮ ਹਨ, ਸੰਪਰਗਿਆਤ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਤੇ ਸਹਜ ਸਮਾਧੀ ਦੌਰਾਨ ਪ੍ਰਤੱਖ ਕੀਤੇ ਜਾਂਦੇ ਹਨ। ਅਜਿਹੇ ਪ੍ਰੱਤਖ ਲਈ ਗਿਆਨ-ਇੰਦਰੀਆਂ ਦੀ ਵਰਤੋਂ ਨਹੀਂ ਹੁੰਦੀ।

ਸਮਾਧੀ ਰਾਹੀਂ ਪ੍ਰਤੱਖ ਗਿਆਨ

ਮਨ ਵੀ ਕਿਸੇ ਵਿਸ਼ੇ ਨੂੰ ਜਾਣ ਸਕਦਾ ਹੈ, ਇਸਲਈ ਇਹ ਵੀ ਇੱਕ ਗਿਆਨ-ਇੰਦਰੀ ਵੀ ਹੈ। ਮਨ ਹੀ ਜੀਵ ਦੇ ਅੰਦਰ ਸੰਕਲਪ-ਵਿਕਲਪ ਪੈਦਾ ਕਰਦਾ ਹੈ। ਆਪਣੇ-ਆਪ ਨੂੰ ਕਿਸੇ ਵਸਤੂ ਦੇ ਵਿਸ਼ੇ ਨਾਲ ਜੋੜ ਕੇ ਮਨ ਦੁੱਖ ਤੇ ਸੁੱਖ ਦੀ ਕਲਪਨਾ ਕਰ ਬੈਠਦਾ ਹੈ।

ਜੇ ਜੀਵ ਵਿੱਚੋਂ ਸੂਖਮ ਤੇ ਸਥੂਲ ਕੰਨਾਂ ਨੂੰ ਕੱਢ ਦਿੱਤਾ ਜਾਏ, ਤਾਂ ਵੀ ਜੀਵ ਪ੍ਰਵਿਰਤੀ ਵਿੱਚ ਲੱਗਾ ਰਹਿ ਸਕਦਾ ਹੈ। ਜੇ ਜੀਵ ਵਿੱਚੋਂ ਸੂਖਮ ਤੇ ਸਥੂਲ ਚਮੜੀ (ਛੋਹਣ ਦੀ ਸਮਰਥਾ) ਨੂੰ ਕੱਢ ਦਿੱਤਾ ਜਾਏ, ਤਾਂ ਵੀ ਜੀਵ ਪ੍ਰਵਿਰਤੀ ਵਿੱਚ ਲੱਗਾ ਰਹਿ ਸਕਦਾ ਹੈ। ਜੇ ਜੀਵ ਵਿੱਚੋਂ ਸੂਖਮ ਤੇ ਸਥੂਲ ਅੱਖਾਂ ਨੂੰ ਕੱਢ ਦਿੱਤਾ ਜਾਏ, ਤਾਂ ਵੀ ਜੀਵ ਪ੍ਰਵਿਰਤੀ ਵਿੱਚ ਲੱਗਾ ਰਹਿ ਸਕਦਾ ਹੈ। ਜੇ ਜੀਵ ਵਿੱਚੋਂ ਸੂਖਮ ਤੇ ਸਥੂਲ ਰਸਨਾ ਨੂੰ ਕੱਢ ਦਿੱਤਾ ਜਾਏ, ਤਾਂ ਵੀ ਜੀਵ ਪ੍ਰਵਿਰਤੀ ਵਿੱਚ ਲੱਗਾ ਰਹਿ ਸਕਦਾ ਹੈ। ਜੇ ਜੀਵ ਵਿੱਚੋਂ ਸੂਖਮ ਤੇ ਸਥੂਲ ਨੱਕ ਨੂੰ ਕੱਢ ਦਿੱਤਾ ਜਾਏ, ਤਾਂ ਵੀ ਜੀਵ ਪ੍ਰਵਿਰਤੀ ਵਿੱਚ ਲੱਗਾ ਰਹਿ ਸਕਦਾ ਹੈ। ਪਰ, ਮਨ ਤੋਂ ਬਿਨ੍ਹਾਂ ਜੀਵ ਦੀ ਪ੍ਰਵਿਰਤੀ ਵਿੱਚ ਭਾਰੀ ਰੁਕਾਵਟ ਆ ਜਾਂਦੀ ਹੈ। ਪੰਜ ਸਥੂਲ ਤੇ ਪੰਜ ਸੂਖਮ ਗਿਆਨ-ਇੰਦਰੀਆਂ

ਦੀ ਅਸਲ ਵਰਤੋਂ ਕਿਉਂਕਿ ਮਨ ਹੀ ਕਰਦਾ ਹੈ, ਇਸ ਲਈ ਮਨ ਨਾ ਹੋਣ ਦੀ ਸਥਿਤੀ ਵਿੱਚ ਗਿਆਨ-ਇੰਦਰੀਆਂ ਤੇ ਕਰਮ-ਇੰਦਰੀਆਂ ਆਪਣੇ-ਆਪ ਕੋਈ ਕਰਮ ਕਰਨ ਤੋਂ ਅਸਮਰਥ ਹੋਣ ਕਾਰਣ ਪ੍ਰਵਿਰਤੀ ਕਰਮ ਰੁੱਕ ਜਾਂਦਾ ਹੈ।

ਆਤਮਵਿਦਿਆ ਦਾ ਸਾਧਕ ਗਿਆਨ-ਇੰਦਰੀਆਂ ਨੂੰ ਉਨ੍ਹਾਂ ਦੇ ਵਿਸ਼ਿਆਂ ਤੋਂ ਹਟਾਉਣ ਲਈ ਮਨ ਨੂੰ ਕਾਬੂ ਕਰਦਾ ਹੈ। ਜਦੋਂ ਉਹ ਮਨ ਨੂੰ ਪੂਰੀ ਤਰ੍ਹਾਂ ਕਾਬੂ ਕਰ ਲੈਂਦਾ ਹੈ, ਉਸੇ ਨੂੰ ਹੀ ਆਮ ਗੱਲ-ਬਾਤ ਵਿੱਚ ਮਨ ਨੂੰ ਮਾਰਣਾ ਆਖਦੇ ਹਨ।

ਇਸ ਮਨ ਨੂੰ ਪੰਜ ਸਥੂਲ ਗਿਆਨ-ਇੰਦਰੀਆਂ ਨਾਲ ਵੀ ਪ੍ਰਤੱਖ ਨਹੀਂ ਕੀਤਾ ਜਾ ਸਕਦਾ। ਜੇ ਪ੍ਰਤੱਖ ਪ੍ਰਮਾਣ ਦਾ ਮਤਲਬ ਸਿਰਫ਼ ਪੰਜ ਗਿਆਨ-ਇੰਦਰੀਆਂ ਦੇ ਪ੍ਰਤੱਖ ਨੂੰ ਹੀ ਮੰਨਿਆ ਜਾਏ, ਤਾਂ ਫਿਰ ਮਨ ਦਾ ਹੀ ਪ੍ਰਤੱਖ ਨਹੀਂ ਕੀਤਾ ਸਕਦਾ। ਮਨ ਦੀ ਹੋਂਦ ਸਿੱਧ ਕਰਨ ਲਈ ਤਰਕ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਡੂੰਘੀ ਸਮਾਧੀ ਵਿੱਚ ਹੀ ਮਨ ਨੂੰ ਪ੍ਰਤੱਖ ਜਾਣਿਆ ਜਾ ਸਕਦਾ ਹੈ।

ਅਹੰਕਾਰ ਮਨ ਤੋਂ ਵੀ ਸੂਖਮ ਹੈ ਤੇ ਇਹ ਮਨ ਨੂੰ ਵੀ ਪੈਦਾ ਕਰਨ ਵਾਲਾ ਹੈ। ਪੰਜ ਗਿਆਨ-ਇੰਦਰੀਆਂ ਅਹੰਕਾਰ ਨੂੰ ਪ੍ਰਤੱਖ ਨਹੀਂ ਕਰ ਸਕਦੀਆਂ। ਮਨ ਅਹੰਕਾਰ ਤੋਂ ਪੈਦਾ ਹੋਇਆ ਹੈ, ਪਰ ਆਪਣੇ ਅਤੇ ਅਹੰਕਾਰ ਵਿੱਚ ਫ਼ਰਕ ਸਮਝਣ ਦੀ ਯੋਗਤਾ ਨਹੀਂ ਰੱਖਦਾ। ਮਨ ਇਹ ਨਹੀਂ ਜਾਣਦਾ ਕਿ ਉਹ ਅਹੰਕਾਰ ਨਹੀਂ ਹੈ, ਬਲਕਿ ਉਸ ਤੋਂ ਵੱਖਰਾ ਹੈ।

ਸਾਧਕ ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਵਿੱਚ ਮਨ, ਬੁੱਧੀ, ਅਹੰਕਾਰ ਤੇ ਅਸਮਿਤਾ ਨੂੰ ਪ੍ਰਤੱਖ ਕਰਦਾ ਹੈ।

ਆਤਮਾ ਦਾ ਗਿਆਨ ਅਨੁਮਾਨ ਪ੍ਰਮਾਣ ਰਾਹੀਂ ਹੋਣ ਦਾ ਜ਼ਿਕਰ ਕਈ ਵਿਦਵਾਨਾਂ ਨੇ ਕੀਤਾ ਹੈ। ਉਨ੍ਹਾਂ ਦਾ ਵੀਚਾਰ ਹੈ ਕਿ ਸੰਘਾਤ ਕਿਸੇ ਹੋਰ ਦੇ ਉਪਭੋਗ ਲਈ ਹੀ ਹੁੰਦਾ ਹੈ। ਸੰਘਾਤ ਤੋਂ ਭਾਵ ਹੈ, ਉਹ ਵਸਤੂ, ਜੋ ਕਈ ਵਸਤੂਆਂ ਦੇ ਮੇਲ ਤੋਂ ਬਣੀ ਹੈ। ਸਰੀਰ ਵੀ ਇੱਕ ਸੰਘਾਤ ਹੀ ਹੈ, ਇਸਲਈ ਇਸ ਦੀ ਵਰਤੋਂ ਕਰਨ ਵਾਲਾ ਕੋਈ ਹੋਰ ਜ਼ਰੂਰ ਹੋਏਗਾ। ਅਨੁਮਾਨ ਹੈ ਕਿ ਸਰੀਰ ਸੰਘਾਤ ਦਾ ਉਪਭੋਗ ਕਰਨ ਵਾਲਾ ਆਤਮਾ ਹੈ।

> संहतपरार्थत्वात पुरुषस्य॥
> (३१, प्रथम अध्याय, सांख्य दर्शन)।

ਅਤੇ,

> संघातपरार्थत्वात त्रिगुणादिविपर्ययादधिष्ठानात ।
> पुरुषो अस्तिभोक्तृभावात कैवल्यार्थमप्रवृत्तेश्च ॥
> (१७, आचार्य ईश्वर कृष्ण रचित सांख्य कारिका)।

ਆਚਾਰੀਆ ਕਣਾਦ ਆਤਮਾ ਦਾ ਪ੍ਰਤੱਖ ਕੀਤਾ ਜਾਣਾ ਮੰਨਦੇ ਹੋਏ ਆਖਦੇ ਹਨ: -

> आत्मन्यात्ममनसो: संयोगविशेषादात्म प्रत्यक्षम ॥
> (११, प्रथम आन्हिक, नवमोध्याय, वैशेषिक सूत्र)।

ਆਤਮਾ ਤੇ ਮਨ ਦੇ ਜਿਸ ਸੰਯੋਗ ਦਾ ਜ਼ਿਕਰ ਆਚਾਰੀਆ ਕਣਾਦ ਕਰ ਰਹੇ ਹਨ, ਉਸ ਨੂੰ ਵਿਵੇਕ ਖਿਆਤੀ[1] ਦੀ ਅਵਸਥਾ ਹੀ ਸਮਝਿਆ ਜਾਣਾ ਚਾਹੀਦਾ ਹੈ। 'ਮਨ' ਤੋਂ ਭਾਵ ਸਮੁੱਚਾ 'ਅੰਤਹਕਰਣ' ਲੈ ਕੇ ਅਰਥ ਸਪਸ਼ਟ ਹੋ ਜਾਂਦੇ ਹਨ। ਵਿਵੇਕ ਖਿਆਤੀ ਵਿੱਚ ਅਸਮਿਤਾ ਦਾ ਸੰਯੋਗ ਆਤਮਾ ਨਾਲ ਹੁੰਦਾ ਹੈ। ਅਸਮਿਤਾ ਅੰਤਹਕਰਣ ਦਾ ਸਭ ਤੋਂ ਸੂਖਮ ਹਿੱਸਾ ਹੈ। ਆਤਮਾ ਦਾ ਪ੍ਰਤੱਖ ਗਿਆਨ ਵਿਵੇਕ ਖਿਆਤੀ ਦੀ ਅਵਸਥਾ ਵਿੱਚ ਹੀ ਹੁੰਦਾ ਹੈ। ਇਸੇ ਨੂੰ ਪੁਰਸ਼ ਖਿਆਤੀ ਵੀ ਆਖਦੇ ਹਨ। ਇਹ ਸੰਪਰਗਿਆਤ ਸਮਾਧੀ ਤੇ ਅਸੰਪਰਗਿਆਤ ਸਮਾਧੀ ਦੇ ਵਿਚਕਾਰ ਦੀ ਸਥਿਤੀ ਹੈ। ਵਿਵੇਕ ਖਿਆਤੀ ਵੀ ਤਿੰਨ ਗੁਣਾਂ ਅਧੀਨ ਹੀ ਹੈ। ਇੱਥੇ ਪ੍ਰਤੱਖ ਤੋਂ ਭਾਵ ਇੰਨਾ ਹੀ ਹੈ ਕਿ ਇਸ (ਵਿਵੇਕ ਖਿਆਤੀ) ਅਵਸਥਾ ਵਿੱਚ ਤ੍ਰਿਗੁਣਾਤਮਕ ਅੰਤਹਕਰਣ ਇਹ ਜਾਣ ਲੈਂਦਾ ਹੈ ਕਿ ਆਤਮਾ ਦੀ ਇਸ ਤੋਂ ਅੱਡਰੀ ਹੋਂਦ ਹੈ। ਇੱਥੇ ਜਾਣਨਵਾਲਾ (ਪ੍ਰਮਾਤਾ) ਅੰਤਹਕਰਣ ਹੀ ਹੈ, ਜਿਸ ਨੂੰ ਜਾਣਿਆ ਗਿਆ, ਉਹ 'ਪ੍ਰਮੇਯ' ਆਤਮਾ ਹੈ। ਅਜੇ ਵੀ ਇਹ ਅਸੰਪਰਗਿਆਤ ਸਮਾਧੀ ਜਾਂ ਨਿਰਵਿਕਲਪ ਸਮਾਧੀ ਤੋਂ ਇਧਰ ਦੀ ਹੀ ਸਥਿੱਤੀ ਹੈ।

ਇਸ ਤਰ੍ਹਾਂ, ਇਹ ਸਪਸ਼ਟ ਹੈ ਕਿ ਸਮਾਧੀ ਵੀ ਗਿਆਨ (ਪ੍ਰਮਾ) ਦਾ ਇੱਕ ਸਾਧਨ ਹੈ। ਸਮਾਧੀ ਰਾਹੀਂ ਪ੍ਰਾਪਤ ਗਿਆਨ ਪ੍ਰਤੱਖ ਗਿਆਨ ਹੈ।

ਆਚਾਰੀਆ ਗੌਤਮ ਨੇ ਨਯਾਯ ਸ਼ਾਸ਼ਤਰ ਵਿੱਚ 'ਪ੍ਰਤੱਖ ਪ੍ਰਮਾਣ' ਦੇ ਤਿੰਨ ਲੱਛਣ ਇਸ ਪ੍ਰਕਾਰ ਦੱਸੇ ਹਨ : -

> इंद्रियार्थसन्निकर्षोत्पन्नम ज्ञानम अव्यप्देश्यम अव्यभिचारि व्यवसायात्मकम प्रत्यक्षम॥
> (४, प्रथम आन्हिक, प्रथम अध्याय, न्यायदर्शन)।

---

[1] ਵਿਵੇਕ ਖਿਆਤੀ ਦਾ ਵਰਣਨ ਇਸ ਪੁਸਤਕ ਦੇ ਸਮਾਧੀ ਵਾਲੇ ਅਧਿਆਇ ਵਿੱਚ ਕੀਤਾ ਜਾਏਗਾ।

ਇਹ ਤਿੰਨ ਲੱਛਣ ਇਸ ਪ੍ਰਕਾਰ ਹਨ: -

੧. ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ, (ਅਵਯਪਦੇਸ਼ਯਮ) (अव्यप्देश्यम),
੨. ਭਰਮ ਵਾਲਾ ਨਹੀਂ, (ਅਵਿਭਚਾਰੀ) (अव्यभिचारि),
੩. ਦੁਬਿਧਾਪੂਰਣ ਨਹੀਂ, ਨਿਸ਼ਚੇਪੂਰਣ । (ਵਿਵਸਾਯਾਤਮਕ) (व्यवसायात्मकम)।

੧. ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ

ਇਸ ਦਾ ਭਾਵ ਇਹ ਹੈ ਕਿ 'ਪ੍ਰਤੱਖ' ਰਾਹੀਂ ਪ੍ਰਾਪਤ ਹੋਏ ਗਿਆਨ (ਪ੍ਰਮਾ) ਨੂੰ ਸ਼ਬਦਾਂ ਰਾਹੀਂ ਅੱਗੇ ਕਿਸੇ ਨੂੰ ਬਿਲਕੁਲ ਉਸੇ ਹਾਲਤ ਵਿੱਚ ਨਹੀਂ ਦਿੱਤਾ ਜਾ ਸਕਦਾ । ਜੋ ਗਿਆਨ ਕਿਸੇ ਪ੍ਰਮਾਤਾ ਨੂੰ ਪ੍ਰਾਪਤ ਹੋਇਆ ਹੈ, ਉਸ ਨੂੰ ਉਹ ਸ਼ਬਦਾਂ ਰਾਹੀਂ ਹੂ-ਬ-ਹੂ ਬਿਆਨ ਕਰਨ ਵਿੱਚ ਅਸਮਰਥ ਹੁੰਦਾ ਹੈ । ਅੰਗਰੇਜ਼ੀ ਵਿੱਚ ਇਸ ਨੂੰ ਅਸੀਂ 'Inexpressible by words' ਆਖ ਸਕਦੇ ਹਾਂ ।

ਉਦਾਹਰਣ ਵਜੋਂ, ਕੋਈ ਵਿਅਕਤੀ ਅੰਗੂਰ ਖਾ ਲੈਂਦਾ ਹੈ । ਅੰਗੂਰ ਦਾ ਸੁਆਦ ਪੁੱਛਣ 'ਤੇ ਉਹ ਕਹਿੰਦਾ ਹੈ, ਅੰਗੂਰ 'ਮਿੱਠਾ' ਹੈ । ਭਾਵੇਂ ਉਸ ਨੇ ਖ਼ੁਦ ਅੰਗੂਰ ਖਾਧਾ ਹੈ ਤੇ ਉਸ ਨੇ ਉਸ ਅੰਗੂਰ ਦਾ ਸੁਆਦ ਪ੍ਰੱਤਖ ਹਾਸਿਲ ਕੀਤਾ ਹੈ, ਪ੍ਰੰਤੂ ਸਿਰਫ਼ ਉਸ ਦੇ 'ਮਿੱਠਾ' ਆਖ ਦੇਣ ਨਾਲ ਹੀ ਉਸ ਅੰਗੂਰ ਦੀ ਮਿਠਾਸ ਸੁਣਨ ਵਾਲੇ ਨੂੰ ਪ੍ਰਾਪਤ ਨਹੀਂ ਹੋ ਸਕਦੀ । ਅੰਗੂਰ ਦੀ ਮਿਠਾਸ ਸਿਰਫ਼ ਉਸ ਨੂੰ ਹੀ ਪ੍ਰਾਪਤ ਹੋ ਸਕਦੀ ਹੈ, ਜੋ ਉਸਦਾ ਪ੍ਰਤੱਖ ਅਨੁਭਵ ਕਰੇਗਾ ।

ਅਧਿਆਤਮ ਦੇ ਖੇਤਰ ਵਿੱਚ, ਕੋਈ ਵਿਅਕਤੀ 'ਅਨਾਹਤ ਨਾਦ' ਦਾ ਪ੍ਰਤੱਖ ਗਿਆਨ ਪ੍ਰਾਪਤ ਕਰ ਲੈਂਦਾ ਹੈ । ਜੇ ਉਹ ਕਿਸੇ ਨੂੰ ਆਖਦਾ ਹੈ ਕਿ 'ਅਨਾਹਤ ਨਾਦ' ਅਤਿਅੰਤ ਆਨੰਦਦਾਇਕ ਹੈ, ਤਾਂ ਉਸ ਦੇ ਅਜਿਹਾ ਕਹਿ ਦੇਣ ਨਾਲ ਹੀ ਉਸ ਦੀ ਗੱਲ ਸੁਣਨ ਵਾਲੇ ਨੂੰ ਅਨਾਹਤ ਨਾਦ ਦਾ ਆਨੰਦ ਪ੍ਰਾਪਤ ਨਹੀਂ ਹੋ ਸਕਦਾ । ਅਨਾਹਤ ਨਾਦ ਦਾ ਆਨੰਦ ਪ੍ਰਾਪਤ ਕਰਨ ਲਈ ਖ਼ੁਦ ਹੀ ਅਨਾਹਤ ਨਾਦ ਸੁਣਨਾ ਪਏਗਾ ।

੨. ਭਰਮ ਵਾਲਾ ਨਹੀਂ

ਕੋਈ ਵਿਅਕਤੀ ਘੱਟ ਰੌਸ਼ਨੀ ਵਿੱਚ ਆਪਣੀ ਅੱਖ ਨਾਲ ਕਿਸੇ ਵਸਤੂ ਨੂੰ ਦੇਖਦਾ ਹੈ । ਉਸ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਵਸਤੂ ਕੋਈ ਸੱਪ ਹੈ । ਜਦੋਂ ਪੂਰੀ ਰੌਸ਼ਨੀ ਕੀਤੀ ਗਈ, ਤਾਂ ਪਤਾ ਲੱਗਾ ਕਿ ਉਹ ਸੱਪ ਨਹੀਂ ਸੀ, ਬਲਕਿ ਰੱਸੀ ਸੀ ।

ਜਦੋਂ ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਇਹ ਵਸਤੂ ਸੱਪ ਹੈ, ਤਦ ਵੀ ਉਸ ਦੀ ਗਿਆਨ ਇੰਦਰੀ ਅੱਖ ਦਾ ਆਪਣੇ ਵਿਸ਼ੇ (ਉਸ ਵਸਤੂ) ਨਾਲ ਸਿੱਧਾ ਸੰਪਰਕ ਸੀ, ਪਰ ਵਸਤੂ ਦੇ ਰੂਪ ਬਾਰੇ ਪ੍ਰਾਪਤ ਹੋ ਰਿਹਾ ਕਥਿਤ ਗਿਆਨ ਭਰਮ ਸੀ, ਵਿਭਚਾਰੀ (illusion) ਸੀ, ਗ਼ਲਤ ਸੀ । ਜਦੋਂ ਪੂਰੀ ਰੌਸ਼ਨੀ ਕੀਤੀ ਗਈ, ਉਦੋਂ ਪ੍ਰਾਪਤ ਹੋਇਆ ਗਿਆਨ ਹੀ ਭਰਮ-ਰਹਿਤ ਜਾਂ ਅਵਿਭਚਾਰੀ ਗਿਆਨ ਸੀ । ਜੇ ਪ੍ਰਾਪਤ ਹੋਇਆ ਕਥਿਤ ਗਿਆਨ ਵਿਭਚਾਰੀ (ਭਰਮ) (illusion) ਹੈ, ਤਾਂ ਉਸ ਨੂੰ ਪ੍ਰੱਤਖ ਪ੍ਰਮਾਣ ਰਾਹੀਂ ਪ੍ਰਾਪਤ ਹੋਇਆ ਗਿਆਨ ਨਹੀਂ ਆਖਿਆ ਜਾ ਸਕਦਾ ।

ਆਪਣੇ ਕੰਨਾਂ ਰਾਹੀਂ ਕੋਈ ਆਵਾਜ਼ ਸੁਣ ਕੇ ਜਿਗਿਆਸੂ ਇਹ ਸਮਝ ਲਏ ਕਿ ਇਹ ਹੀ 'ਅਨਾਹਤ ਨਾਦ' ਹੈ, ਜਦ ਕਿ ਉਹ 'ਅਨਾਹਤ ਨਾਦ' ਨਾ ਹੋ ਕਿ 'ਆਹਤ ਨਾਦ' ਹੀ ਹੋਏ । ਉਸਦਾ 'ਆਹਤ ਨਾਦ' ਨੂੰ ਹੀ 'ਅਨਾਹਤ ਨਾਦ' ਸਮਝ ਲੈਣਾ ਵਿਭਚਾਰੀ ਗਿਆਨ (illusion) ਹੋਣ ਕਾਰਣ ਪ੍ਰੱਤਖ ਪ੍ਰਮਾਣ ਰਾਹੀਂ ਪ੍ਰਾਪਤ ਹੋਇਆ ਗਿਆਨ ਨਹੀਂ ਸਮਝਿਆ ਜਾ ਸਕਦਾ ।

੩. ਦੁਬਿਧਾਪੂਰਣ ਨਹੀਂ, ਨਿਸ਼ਚੇਪੂਰਣ

ਮੰਨ ਲਉ ਕਿ ਕੋਈ ਵਿਅਕਤੀ ਘੱਟ ਰੌਸ਼ਨੀ ਵਿੱਚ ਸਫ਼ਰ ਕਰ ਰਿਹਾ ਹੈ । ਕੁੱਝ ਦੂਰੀ ਤੇ ਉਸ ਨੂੰ ਕੋਈ ਵਸਤੂ ਵਿਖਾਈ ਦਿੰਦੀ ਹੈ । ਉਹ ਪੂਰੀ ਤਰ੍ਹਾਂ ਨਿਰਣਾ ਨਹੀਂ ਕਰ ਸਕਦਾ ਕਿ ਉਹ ਵਸਤੂ ਕੋਈ ਇਨਸਾਨ ਹੈ ਜਾਂ ਕੋਈ ਝਾੜੀ । ਜੇ ਝਾੜੀ ਹੈ, ਤਾਂ ਉਹ ਨਿਰਸੰਕੋਚ ਹੋ ਕੇ ਅੱਗੇ ਦੀ ਯਾਤਰਾ ਕਰੇ । ਜੇ ਉਹ ਵਸਤੂ ਕੋਈ ਇਨਸਾਨ ਹੈ, ਤਾਂ ਵੀਚਾਰ ਕਰਨੀ ਪਏਗੀ ਕਿ ਕਿਤੇ ਉਹ ਚੋਰ ਜਾਂ ਡਾਕੂ ਨਾ ਹੋਏ ।

ਉਪਰੋਕਤ ਉਦਾਹਰਣ ਵਿੱਚ ਵਿਅਕਤੀ ਦੀ ਗਿਆਨ ਇੰਦਰੀ ਅੱਖ ਨੂੰ ਇੱਕ ਵਿਸ਼ਾ ਰੂਪ ਦਿਖਾਈ ਦੇ ਤਾਂ ਰਿਹਾ ਹੈ, ਪਰ ਫਿਰ ਵੀ ਕੋਈ ਨਿਸ਼ਚੇਪੂਰਵਕ ਗਿਆਨ ਪ੍ਰਾਪਤ ਨਹੀਂ ਹੋ ਰਿਹਾ ਹੈ । ਉਹ ਦੁਬਿਧਾ ਵਿੱਚ ਹੈ । ਹੋ ਸਕਦਾ ਹੈ ਕਿ ਉਹ ਵਸਤੂ ਕੋਈ ਇਨਸਾਨ ਹੋਏ । ਹੋ ਸਕਦਾ ਹੈ ਕਿ ਉਹ ਵਸਤੂ ਕੋਈ ਝਾੜੀ ਹੋਏ । ਯਕੀਨ ਨਾਲ ਨਹੀਂ ਕਹਿ ਸਕਦੇ ਕਿ ਉਹ ਵਸਤੂ ਕੀ ਹੈ ।

ਪ੍ਰੱਤਖ ਪ੍ਰਮਾਣ ਰਾਹੀਂ ਪ੍ਰਾਪਤ ਹੋਇਆ ਗਿਆਨ ਉਦੋਂ ਹੀ ਪ੍ਰਤੱਖ ਮੰਨਿਆ ਜਾਏਗਾ, ਜਦੋਂ ਪ੍ਰਾਪਤ ਹੋਇਆ ਗਿਆਨ ਨਿਸ਼ਚੇਪੂਰਵਕ ਹੋਏ, ਦੁਬਿਧਾ-ਭਰਿਆ ਨਹੀਂ ।

ਅਧਿਆਤਮ ਦੇ ਖੇਤਰ ਵਿੱਚ, ਕੋਈ ਵਿਅਕਤੀ ਕੋਈ ਆਵਾਜ਼ ਸੁਣਦਾ ਹੈ, ਪਰ ਇਹ ਨਿਸ਼ਚਾ ਨਹੀਂ ਕਰ ਸਕਦਾ ਕਿ ਇਹ 'ਅਨਾਹਤ ਨਾਦ' ਹੈ ਕਿ 'ਆਹਤ ਨਾਦ' । ਉਹ ਦੁਬਿਧਾ ਵਿੱਚ ਫੱਸਿਆ ਹੋਇਆ ਹੈ । ਦੁਬਿੱਧਾ ਵਾਲੇ ਇਸ ਕੱਥਿਤ ਗਿਆਨ ਨੂੰ ਪ੍ਰਤੱਖ ਪ੍ਰਮਾਣ ਰਾਹੀਂ ਪ੍ਰਾਪਤ ਹੋਇਆ ਗਿਆਨ ਨਹੀਂ ਆਖਿਆ ਜਾ ਸਕਦਾ ।

ਪ੍ਰਤੱਖ ਪ੍ਰਮਾਣ ਰਾਹੀਂ ਪ੍ਰਾਪਤ ਹੋਏ ਗਿਆਨ ਦੇ ਇਹ ਤਿੰਨ ਲੱਛਣ ਹਨ ਕਿ ਉਹ ਗਿਆਨ ਕੇਵਲ ਸ਼ਬਦਾਂ ਰਾਹੀਂ ਹੀ ਦੂਜੇ ਤੱਕ ਨਹੀਂ ਪਹੁੰਚਾਇਆ ਜਾ ਸਕਦਾ, ਉਹ ਭਰਮ ਵਿੱਚੋਂ ਪੈਦਾ ਨਹੀਂ ਹੋਇਆ ਤੇ ਉਹ ਦੁਬਿਧਾਪੂਰਵਕ ਨਹੀਂ ਹੈ।

ਪ੍ਰਮਾ ਪ੍ਰਾਪਤ ਕਰਨ ਦੇ ਵੱਖ-ਵੱਖ ਸਾਧਨਾਂ (ਪ੍ਰਮਾਣਾਂ) ਵਿੱਚੋਂ ਪ੍ਰਤੱਖ ਪ੍ਰਮਾਣ ਸਭ ਤੋਂ ਉੱਤਮ ਹੈ। ਇਹ ਇਕ ਅਜਿਹਾ ਸਾਧਨ ਹੈ, ਜੋ ਦੁਬਿਧਾ ਨੂੰ ਮੁੱਢ ਤੋਂ ਹੀ ਖ਼ਤਮ ਕਰ ਦਿੰਦਾ ਹੈ। ਬਾਕੀ ਪ੍ਰਮਾਣਾਂ ਦੀ ਆਪੋ-ਆਪਣੀ ਮਹੱਤਤਾ ਹੈ, ਪ੍ਰੰਤੂ ਪ੍ਰਤੱਖ ਪ੍ਰਮਾਣ ਗਿਆਨ ਦੀ ਉਹ ਰੌਸ਼ਨੀ ਪ੍ਰਗਟ ਕਰਦਾ ਹੈ, ਜਿਸ ਨਾਲ ਭਰਮ ਤੇ ਦੁਬਿਧਾ ਆਦਿ ਕਾਇਮ ਰਹਿਣ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ।

੨. ਅਨੁਮਾਨ ਪ੍ਰਮਾਣ

ਦੂਜਾ ਪ੍ਰਮਾਣ 'ਅਨੁਮਾਨ ਪ੍ਰਮਾਣ' ਹੈ। ਅਨੁਮਾਨ ਦਾ ਅਰਥ ਹੈ, ਅੰਦਾਜ਼ਾ ਲਗਾਉਣਾ। ਗਿਆਨ ਦਾ ਉਹ ਸਾਧਨ, ਜਿਸ ਰਾਹੀਂ ਕੋਈ ਜਿਗਿਆਸੂ ਪ੍ਰੱਤਖ ਕੀਤੇ ਗਏ ਕਿਸੇ ਪਹਿਲੇ ਗਿਆਨ ਦੇ ਸਹਾਰੇ ਅੰਦਾਜ਼ਾ ਲਗਾ ਕੇ ਕਿਸੇ ਹੋਰ ਸਮੇਂ, ਕਿਸੀ ਹੋਰ ਸਥਿੱਤੀ ਵਿੱਚ ਕਿਸੇ ਵਸਤੂ ਦੇ ਕਿਸੇ ਵਿਸ਼ੇ ਦਾ ਗਿਆਨ ਪ੍ਰਾਪਤ ਕਰੇ, ਉਹ 'ਅਨੁਮਾਨ ਪ੍ਰਮਾਣ' ਹੈ।

ਆਚਾਰੀਆ ਗੌਤਮ ਨੇ ਨਯਾਯ ਸ਼ਾਸ਼ਤਰ ਵਿੱਚ 'ਅਨੁਮਾਨ ਪ੍ਰਮਾਣ' ਬਾਰੇ ਇੰਝ ਵਰਣਨ ਕੀਤਾ ਹੈ : -

> अथ त्त्पुर्वकम त्रिविधमनुमानम - पूर्ववत शेषवत सामान्यतोद्दष्टम च॥
> (५, प्रथम आन्हिक, प्रथम अध्याय, न्यायदर्शन)।

ਅਨੁਮਾਨ ਪ੍ਰਮਾਣ ਤਿੰਨ ਤਰ੍ਹਾਂ ਦਾ ਹੁੰਦਾ ਹੈ: -

੧. ਪੂਰਵਵਤ (ਕਾਰਣ ਤੋਂ ਕਾਰਜ ਦਾ ਅਨੁਮਾਨ),
੨. ਸ਼ੇਸ਼ਵਤ (ਕਾਰਜ ਤੋਂ ਕਾਰਣ ਦਾ ਅਨੁਮਾਨ), ਤੇ
੩. ਸਾਮਾਨਯਤੋਦ੍ਰਿਸ਼ਟਮ (ਸਾਧਾਰਣ)।

੧. ਪੂਰਵਵਤ

ਕਾਰਣ ਤੋਂ ਕਾਰਜ ਦਾ ਅਨੁਮਾਨ ਲਗਾ ਲੈਣਾ ਹੀ ਪੂਰਵਵਤ ਅਨੁਮਾਨ ਹੈ। ਉਦਾਹਰਣ ਦੇ ਤੌਰ 'ਤੇ, ਅਸੀਂ ਜਾਣਦੇ ਹਾਂ ਕਿ ਮੀਂਹ (ਕਾਰਜ) ਉਦੋਂ ਹੀ ਪੈਂਦਾ ਹੈ, ਜਦੋਂ ਇਸ ਦਾ ਕਾਰਣ ਬੱਦਲ ਮੌਜੂਦ ਹੋਏ। ਜੇ ਕਦੇ ਅਸੀਂ ਬੱਦਲ ਦੇਖੀਏ, ਤਾਂ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਮੀਂਹ ਪੈ ਸਕਦਾ ਹੈ।

ਬੱਦਲ ਦੇਖ ਕੇ ਮੀਂਹ ਦਾ ਅਨੁਮਾਨ ਤਾਂ ਹੀ ਲਗਾਇਆ ਜਾ ਸਕਿਆ, ਕਿਉਂਕਿ ਸਾਡੇ ਕੋਲ ਪਹਿਲਾਂ ਤੋਂ ਹੀ ਇਹ ਗਿਆਨ ਮੌਜੂਦ ਸੀ ਕਿ ਮੀਂਹ (ਕਾਰਜ) ਉਦੋਂ ਹੀ ਪੈਂਦਾ ਹੈ, ਜਦੋਂ ਇਸ ਦਾ ਕਾਰਣ ਬੱਦਲ ਮੌਜੂਦ ਹੋਏ।

ਇਸ ਤਰ੍ਹਾਂ, ਕਿਸੇ ਕਾਰਣ ਤੋਂ ਕਾਰਜ ਦਾ ਅਨੁਮਾਨ ਲਗਾ ਲੈਣਾ ਪੂਰਵਵਤ ਅਨੁਮਾਨ ਹੈ।

੨. ਸ਼ੇਸ਼ਵਤ

ਕਿਸੇ ਕਾਰਜ ਤੋਂ ਕਾਰਣ ਦਾ ਅਨੁਮਾਨ ਲਗਾ ਲੈਣਾ ਸ਼ੇਸ਼ਵਤ ਅਨੁਮਾਨ ਹੈ। ਉਦਾਹਰਣ ਦੇ ਤੌਰ 'ਤੇ, ਅਸੀਂ ਜਾਣਦੇ ਹਾਂ ਕਿ ਜਦੋਂ ਮੀਂਹ ਪੈਂਦਾ ਹੈ, ਤਾਂ ਨਦੀਆਂ ਵਿੱਚ ਪਾਣੀ ਦਾ ਪੱਧਰ ਵੱਧ ਜਾਂਦਾ ਹੈ। ਪਾਣੀ ਗੰਧਲਾ ਹੋ ਜਾਂਦਾ ਹੈ ਤੇ ਉਸ ਵਿੱਚ ਪੱਤੇ ਆਦਿ ਵੀ ਰੁੜ੍ਹੇ ਆਉਂਦੇ ਹਨ। ਜੇ ਕਦੇ ਅਸੀਂ ਕਿਸੇ ਨਦੀ ਦੇ ਕਿਨਾਰੇ ਹੋਈਏ, ਤੇ ਨਦੀ ਵਿੱਚ ਪਾਣੀ ਦਾ ਪੱਧਰ ਵੱਧਿਆ ਹੋਇਆ ਦੇਖੀਏ, ਫਿਰ ਇਹ ਪਾਣੀ ਗੰਧਲਾ ਵੀ ਹੋਏ, ਤਾਂ ਅਸੀਂ ਇਹ ਅਨੁਮਾਨ ਲਗਾ ਲੈਂਦੇ ਹਾਂ ਕਿ ਜਿਸ ਪਾਸੇ ਤੋਂ ਨਦੀ ਦਾ ਪ੍ਰਵਾਹ ਆ ਰਿਹਾ ਹੈ, ਉਸ ਪਾਸੇ ਕਿਤੇ ਮੀਂਹ ਪਿਆ ਹੋਏਗਾ। ਨਦੀ ਵਿੱਚਲਾ ਗੰਧਲਾ ਪਾਣੀ, ਪਾਣੀ ਦਾ ਵੱਧਿਆ ਹੋਏ ਪੱਧਰ, ਪਾਣੀ ਵਿੱਚ ਰੁੜ੍ਹੇ ਆ ਰਹੇ ਪੱਤੇ ਆਦਿ ਕਾਰਜ ਹਨ, ਤੇ ਇਸ ਦਾ ਕਾਰਣ ਉੱਪਰ ਕਿਤੇ ਪਿਆ ਮੀਂਹ ਹੈ। ਇਸ ਤਰ੍ਹਾਂ, ਕਿਸੇ ਕਾਰਜ ਤੋਂ ਕਾਰਣ ਦਾ ਅਨੁਮਾਨ ਲਗਾ ਲੈਣਾ ਸ਼ੇਸ਼ਵਤ ਅਨੁਮਾਨ ਹੈ।

੩. ਸਾਮਾਨਯਤੋਦ੍ਰਿਸ਼ਟਮ

ਮੰਨ ਲਉ ਕਿ ਅਸੀਂ ਇੱਕ ਸ਼ਹਿਰ ਵਿੱਚ ਕਿਸੇ ਰਾਮਪਾਲ ਨਾਮ ਦੇ ਵਿਅਕਤੀ ਨੂੰ ਦੇਖਦੇ ਹਾਂ। ਉਸ ਤੋਂ ਬਾਅਦ ਅਸੀਂ ਯਾਤਰਾ 'ਤੇ ਚਲੇ ਜਾਂਦੇ ਹਾਂ ਤੇ ਕੁੱਝ ਘੰਟਿਆਂ ਬਾਅਦ ਕਿਸੇ ਹੋਰ ਸ਼ਹਿਰ ਜਾ ਪੁੱਜਦੇ ਹਾਂ। ਉੱਥੇ ਵੀ ਅਸੀਂ ਉਸੇ ਰਾਮਪਾਲ ਨਾਮ ਦੇ ਵਿਅਕਤੀ ਨੂੰ ਦੇਖਦੇ ਹਾਂ। ਅਸੀਂ ਉਸ ਨੂੰ ਯਾਤਰਾ ਕਰਦਿਆਂ ਤਾਂ ਨਹੀਂ ਦੇਖਿਆ, ਪਰ ਅਸੀਂ ਅਨੁਮਾਨ ਨਾਲ ਹੀ ਇਹ ਜਾਣ ਲੈਂਦੇ ਹਾਂ ਕਿ ਉਹ ਵੀ ਉਸ ਪਹਿਲੇ ਸ਼ਹਿਰ ਤੋਂ ਯਾਤਰਾ ਕਰ ਕੇ ਹੀ ਇਸ ਸ਼ਹਿਰ ਆ ਪੁੱਜਾ ਹੈ। ਇਸ ਸਾਮਾਨਯਤੋਦ੍ਰਿਸ਼ਟਮ ਅਨੁਮਾਨ ਪ੍ਰਮਾਣ ਹੈ।

ਅਨੁਮਾਨ ਪ੍ਰਮਾਣ ਰਾਹੀਂ ਗਿਆਨ ਤਾਂ ਹੀ ਪ੍ਰਾਪਤ ਹੋਏਗਾ, ਜੇ ਇਹ ਅਨੁਮਾਨ ਪਹਿਲਾਂ ਦੇ ਕਿਸੇ ਪ੍ਰੱਤਖ ਪ੍ਰਮਾਣ ਰਾਹੀਂ ਪ੍ਰਾਪਤ ਕੀਤੇ ਗਿਆਨ ਉੱਤੇ ਆਧਾਰਿਤ ਹੈ। ਬੱਦਲ ਤੋਂ ਮੀਂਹ ਦਾ ਅਨੁਮਾਨ ਤਾਂ ਹੀ ਲਗਾਇਆ ਜਾ ਸਕਦਾ ਹੈ, ਜੇ ਪਹਿਲਾਂ ਤੋਂ ਹੀ ਬੱਦਲਾਂ ਤੋਂ ਮੀਂਹ ਪੈਂਦਾ ਦੇਖਣ ਦਾ ਪ੍ਰਤੱਖ ਗਿਆਨ ਹਾਸਿਲ ਹੋਏਗਾ।

ਅਧਿਆਤਮ ਦੇ ਖੇਤਰ ਵਿੱਚ, ਇਸ ਦੀ ਉਦਾਹਰਣ ਇਸ ਪ੍ਰਕਾਰ ਦਿੱਤੀ ਜਾ ਸਕਦੀ ਹੈ: ਮੰਨ ਲਉ ਕੋਈ ਇੱਕ ਸਾਧਕ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਦੀ ਅਵਸਥਾ ਦਾ ਅਨੁਭਵ ਹਾਸਿਲ ਕਰ ਲੈਂਦਾ ਹੈ। ਜੇ ਉਹ ਕਿਸੇ ਦੂਸਰੇ ਸਾਧਕ ਤੋਂ ਉਸ ਦੇ ਇੱਕ ਰਹੱਸਵਾਦੀ ਅਨੁਭਵ ਦਾ ਬਿਆਨ ਸੁਣਦਾ ਹੈ (ਤੇ ਇਹ ਬਿਆਨ ਆਮ ਇਨਸਾਨ ਨੂੰ ਅਜੀਬ ਜਿਹਾ ਜਾਪਦਾ ਹੈ), ਤਾਂ ਉਹ ਜਾਣ ਸਕਦਾ ਹੈ ਕਿ ਉਹ ਦੂਸਰਾ ਸਾਧਕ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਦੀ ਅਵਸਥਾ ਦਾ ਅਨੁਭਵ ਕਰ ਚੁੱਕਾ ਹੈ। ਦੂਸਰੇ ਸਾਧਕ ਦੇ ਅਨੁਭਵ ਦਾ ਬਿਆਨ ਕਾਰਜ ਹੈ ਤੇ ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ ਦਾ ਅਨੁਭਵ ਉਸ ਬਿਆਨ ਦਾ ਕਾਰਣ ਹੈ। ਪਹਿਲੇ ਸਾਧਕ ਨੂੰ ਉਸੇ ਅਨੁਭਵ ਦਾ ਪ੍ਰਤੱਖ ਗਿਆਨ ਹਾਸਿਲ ਹੋਣ ਕਰਕੇ ਉਹ ਉਸ ਕਾਰਜ (ਦੂਸਰੇ ਸਾਧਕ ਦਾ ਅਨੁਭਵ ਬਾਰੇ ਬਿਆਨ) ਤੋਂ ਕਾਰਣ (ਵੀਚਾਰ ਆਧਾਰਿਤ ਸੰਪਰਗਿਆਤ ਸਮਾਧੀ) ਬਾਰੇ ਜਾਣ ਲੈਂਦਾ ਹੈ।

ਤ੍ਰਿਗੁਣਾਤੀਤ ਸਮਾਧੀ (ਸੁੰਨ ਸਮਾਧੀ) ਦਾ ਤ੍ਰਿਗੁਣਾਤਮਕ ਵਾਣੀ ਰਾਹੀਂ ਵਰਣਨ ਕਰਨਾ ਅਸੰਭਵ ਹੈ। ਤ੍ਰਿਗੁਣਾਤਮਕ ਬੁੱਧੀ ਤੇ ਮਨ ਉਸ ਅਵਸਥਾ ਨੂੰ ਪ੍ਰੱਤਖ ਨਹੀਂ ਜਾਣ ਸਕਦੇ। ਪਰ, ਜੇ ਕਿਸੇ ਸਾਧਕ ਨੂੰ ਵਿਵੇਕ ਖਿਆਤੀ ਸਮਾਧੀ ਦਾ ਅਨੁਭਵ ਹੈ, ਤਾਂ ਉਹ ਤ੍ਰਿਗੁਣਾਤੀਤ ਸਮਾਧੀ ਬਾਰੇ ਅਨੁਮਾਨ-ਜਨਕ ਗਿਆਨ ਹਾਸਿਲ ਕਰ ਸਕਦਾ ਹੈ।

੩, ਉਪਮਾਨ ਪ੍ਰਮਾਣ

ਜਿਨ੍ਹਾਂ ਵਿਦਵਾਨਾਂ ਨੇ ਪ੍ਰਮਾਣਾਂ ਦੀ ਗਿਣਤੀ ਤਿੰਨ ਮੰਨੀ ਹੈ, ਉਨ੍ਹਾਂ ਵੱਲੋਂ ਉਪਮਾਨ ਪ੍ਰਮਾਣ ਨੂੰ ਅਨੁਮਾਨ ਪ੍ਰਮਾਣ ਦਾ ਹੀ ਇੱਕ ਅੰਗ ਮੰਨ ਲਿਆ ਜਾਂਦਾ ਹੈ। ਜਿਹੜੇ ਵਿਦਵਾਨ ਪ੍ਰਮਾਣਾਂ ਦੀ ਗਿਣਤੀ ਚਾਰ ਦੱਸਦੇ ਹਨ, ਉਨ੍ਹਾਂ ਨੇ ਉਪਮਾਨ ਪ੍ਰਮਾਣ ਨੂੰ ਤੀਜਾ ਪ੍ਰਮਾਣ ਮੰਨਿਆ ਹੈ।

ਉਪਮਾਨ ਪ੍ਰਮਾਣ 'ਉਪਮਾ' ਆਧਾਰਿਤ ਹੈ। ਉਪਮਾ ਦਾ ਅਰਥ ਹੈ ਕਿਸੇ ਵਸਤੂ ਦੇ ਕਿਸੇ ਵਿਸ਼ੇ ਦੀ ਤੁਲਨਾ ਕਿਸੇ ਹੋਰ ਵਸਤੂ ਦੇ ਵਿਸ਼ੇ ਨਾਲ ਕਰਨੀ। ਉਦਾਹਰਣ ਵਜੋਂ, ਇਹ ਕਹਿਣਾ ਕਿ ਰਾਮ ਸ਼ਾਮ ਵਰਗਾ ਹੈ, ਰਾਮ ਦੀ ਤੁਲਨਾ ਸ਼ਾਮ ਨਾਲ ਕਰਨੀ ਹੈ। ਪ੍ਰਮਾ ਦਾ ਉਹ ਸਾਧਨ, ਜੋ ਕਿਸੇ ਇੱਕ ਵਸਤੂ ਦੀ ਉਪਮਾ ਕਿਸੇ ਹੋਰ ਵਸਤੂ ਨਾਲ ਕਰਦਾ ਹੈ ਤੇ ਇੰਝ ਪ੍ਰਮਾ ਪ੍ਰਾਪਤ ਕਰਨ ਵਿੱਚ ਸਹਾਈ ਹੁੰਦਾ ਹੈ, ਉਪਮਾਨ ਪ੍ਰਮਾਣ ਅਖਵਾਉਂਦਾ ਹੈ।

ਮੰਨ ਲਉ, ਕੋਈ ਵਿਅਕਤੀ ਰਾਮਪਾਲ ਕਿਸੇ ਨਗਰ ਵਿੱਚ ਸ਼ਾਮਪਾਲ ਦੇ ਘਰ ਜਾਣਾ ਚਾਹੁੰਦਾ ਹੈ, ਜਿੱਥੇ ਉਹ ਪਹਿਲਾਂ ਕਦੇ ਨਹੀਂ ਗਿਆ। ਉਹ ਉਸ ਨਗਰ ਦੇ ਕਿਸੇ ਵਾਸੀ ਤੋਂ ਸ਼ਾਮਪਾਲ ਦੇ ਘਰ ਦਾ ਪਤਾ ਪੁੱਛਦਾ ਹੈ। ਉਹ ਨਗਰ ਵਾਸੀ ਰਾਮਪਾਲ ਨੂੰ ਨੇੜੇ ਦੇ ਇੱਕ ਘਰ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਜਿਸ ਤਰ੍ਹਾਂ ਇਸ ਘਰ ਦਾ ਆਕਾਰ ਤੇ ਰੰਗ ਹੈ, ਇਸੇ ਆਕਾਰ ਤੇ ਰੰਗ ਵਾਲਾ ਇੱਕ ਹੋਰ ਘਰ ਅਗਲੇ ਮੁਹੱਲੇ ਵਿੱਚ ਹੈ। ਉਹ ਘਰ ਹੀ ਸ਼ਾਮਪਾਲ ਦਾ ਘਰ ਹੈ। ਰਾਮਪਾਲ ਅਗਲੇ ਮੁਹੱਲੇ ਵਿੱਚ ਪੁੱਜਦਾ ਹੈ ਤੇ ਉਸੇ ਆਕਾਰ ਤੇ ਰੰਗ ਵਾਲਾ ਇੱਕ ਘਰ ਦੇਖ ਕੇ ਜਾਣ ਲੈਂਦਾ ਹੈ ਕਿ ਸ਼ਾਮਪਾਲ ਦਾ ਘਰ ਹੈ ਤੇ ਉੱਥੇ ਪੁੱਜ ਕੇ ਸ਼ਾਮਪਾਲ ਨੂੰ ਮਿਲ ਲੈਂਦਾ ਹੈ। ਸ਼ਾਮਪਾਲ ਦੇ ਘਰ ਬਾਰੇ ਗਿਆਨ ਉਸ ਨੂੰ ਜਿਸ ਸਾਧਨ ਦੁਆਰਾ ਪ੍ਰਾਪਤ ਹੋਇਆ, ਉਹ ਉਪਮਾਨ ਪ੍ਰਮਾਣ ਕਿਹਾ ਜਾਂਦਾ ਹੈ।

੪. ਸ਼ਬਦ ਪ੍ਰਮਾਣ

ਸ਼ਬਦ ਪ੍ਰਮਾਣ ਨੂੰ ਆਪਤ ਵਚਨ, ਆਪਤ ਉਪਦੇਸ਼, ਜਾਂ ਆਪਤ ਸ੍ਰੁਤੀ ਆਦਿ ਵੀ ਕਿਹਾ ਜਾਂਦਾ ਹੈ। ਕਿਸੀ ਵਸਤੂ ਦਾ ਅਸਲ ਗਿਆਨ 'ਆਪਤੀ' (आप्ति) ਆਖਿਆ ਜਾਂਦਾ ਹੈ। ਜਿਨ੍ਹਾਂ ਨੇ 'ਆਪਤੀ' (आप्ति) ਨੂੰ ਪ੍ਰੱਤਖ ਕਰ ਕੇ ਹਾਸਿਲ ਕੀਤਾ ਹੈ, ਉਨ੍ਹਾਂ ਨੂੰ 'ਆਪਤ' (आप्त) ਕਹਿੰਦੇ ਹਨ। ਆਪਤ (आप्त) ਦਾ ਆਪਣੇ ਵਿਸ਼ੇ ਦੇ ਸੰਬੰਧ ਵਿੱਚ ਕਿਹਾ ਗਿਆ ਵਚਨ 'ਆਪਤ ਵਚਨ', 'ਆਪਤ ਉਪਦੇਸ਼', ਜਾਂ 'ਸ਼ਬਦ ਪ੍ਰਮਾਣ' ਹੈ।

ਹਵਾਈ ਆਤਸ਼ਬਾਜ਼ੀ ਜਦੋਂ ਆਕਾਸ਼ ਵਿੱਚ ਜਾ ਕੇ ਫੱਟਦੀ ਹੈ, ਤਾਂ ਥੱਲੇ ਧਰਤੀ ਉੱਤੇ ਦੇਖਣ ਵਾਲੇ ਨੂੰ ਪਹਿਲਾਂ ਉਸ ਦੀ ਰੌਸ਼ਨੀ ਦਿੱਖਦੀ ਹੈ ਤੇ ਕੁੱਝ ਪਲ ਮਗਰੋਂ ਉਸ ਦੀ ਆਵਾਜ਼ ਸੁਣਦੀ ਹੈ। ਸਾਧਾਰਣ ਮਨੁੱਖ ਇਹ ਸਮਝਦਾ ਹੈ ਕਿ ਹਵਾਈ ਆਤਸ਼ਬਾਜ਼ੀ ਨੇ ਪਹਿਲਾਂ ਰੌਸ਼ਨੀ ਕੀਤੀ ਤੇ ਫਿਰ ਕੁੱਝ ਪਲ ਮਗਰੋਂ ਧਮਾਕਾ ਕੀਤਾ। ਹਕੀਕਤ ਇਹ ਹੈ ਕਿ ਧਮਾਕੇ ਦੀ ਰੌਸ਼ਨੀ ਤੇ ਆਵਾਜ਼ ਇੱਕੋ ਸਮੇਂ ਹੀ ਹੋਏ, ਪਰ ਰੌਸ਼ਨੀ ਦੀ ਗਤੀ ਤੇਜ਼ ਹੋਣ ਕਾਰਣ ਰੌਸ਼ਨੀ ਸਾਡੀ ਅੱਖ ਤੱਕ ਪਹਿਲਾਂ ਪਹੁੰਚ ਜਾਂਦੀ ਹੈ ਤੇ ਆਵਾਜ਼ ਦੀ ਗਤੀ ਰੌਸ਼ਨੀ ਨਾਲੋਂ ਘੱਟ ਹੋਣ ਕਾਰਣ ਆਵਾਜ਼ ਸਾਡੇ ਕੰਨਾਂ ਤੱਕ ਮਗਰੋਂ ਪਹੁੰਚਦੀ ਹੈ। ਇੱਥੇ ਜੋ ਪ੍ਰਤੱਖ ਦਿੱਖ ਤੇ ਸੁਣ ਰਿਹਾ ਹੈ, ਉਹ ਇੱਕ ਸਾਧਾਰਣ ਮਨੁੱਖ ਦੇ ਚਿੱਤ ਵਿੱਚ ਭਰਮ ਪੈਦਾ ਕਰ ਰਿਹਾ ਹੈ। ਇਸ ਵਿਸ਼ੇ ਦੇ ਮਾਹਿਰ ਕਿਸੇ ਵਿਗਿਆਨੀ ਦੇ ਉਪਦੇਸ਼ (ਸ਼ਬਦ) ਨੂੰ ਸੁਣ ਕੇ ਸਾਧਾਰਣ ਮਨੁੱਖ ਉਸ ਭਰਮ ਵਿੱਚੋਂ ਨਿਕਲ ਜਾਂਦਾ ਹੈ।

ਆਪਤ-ਵਚਨ ਜਾਂ ਸ਼ਬਦ ਪ੍ਰਮਾਣ ਹੀ ਅਸਲ ਗੁਰੂ ਹੈ। ਸ਼ਬਦ ਗੁਰੂ ਦੀ ਪਰੰਪਰਾ ਸ਼ਾਸਤਰੀ ਤੇ ਪੁਰਾਤਨ ਭਾਰਤੀ ਪਰੰਪਰਾ ਹੈ।

> आप्तोपदेशा: शब्द: ॥ (सूत्र ६६, अध्याय १, सांख्य दर्शन)।
> ਆਪਤੋਪਦੇਸ਼ਾ: ਸ਼ਬਦ: ॥ (ਸੂਤ੍ਰ ੬੬, ਅਧਿਆਇ ੧, ਸਾਂਖਯ ਦਰਸ਼ਨ)।

ਇਹ ਹੀ ਸੂਤ੍ਰ ਨਯਾਯ ਦਰਸ਼ਨ ਵਿੱਚ ਵੀ ਦਿੱਤਾ ਗਿਆ ਹੈ।

> आप्तोपदेशा: शब्द: ॥ (७, प्रथम आह्निक, प्रथम अध्याय, न्यायदर्शन)।
> ਆਪਤੋਪਦੇਸ਼ਾ: ਸ਼ਬਦ: ॥

ਸਾਂਖਯ ਦਰਸ਼ਨ ਤੇ ਨਯਾਯ ਦਰਸ਼ਨ ਦੇ ਉਪਰੋਕਤ ਸੂਤ੍ਰ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪੁਰਾਤਨ ਸਮੇਂ ਤੋਂ ਹੀ 'ਸ਼ਬਦ' ਦਾ ਭਾਵ ਗੁਰੂ ਦੇ ਉਪਦੇਸ਼ ਤੋਂ ਵੀ ਲਿਆ ਜਾਂਦਾ ਹੈ। ਜੋ ਵਿਅਕਤੀ ਇਹ ਆਖਦੇ ਹਨ ਕਿ 'ਸ਼ਬਦ' ਦਾ ਭਾਵ ਸਿਰਫ਼ 'ਅਨਾਹਤ ਸ਼ਬਦ' (ਜਾਂ ਅਨਾਹਤ ਨਾਦ) ਹੀ ਹੁੰਦਾ ਹੈ, ਗੁਰੂ ਦਾ ਉਪਦੇਸ਼ ਨਹੀਂ, ਉਹ ਭਾਰਤੀ ਦਰਸ਼ਨ ਦੀ ਪਰੰਪਰਾ ਤੋਂ ਅਣਜਾਣ ਹਨ। ਗੁਰੂ ਦੇ ਉਪਦੇਸ਼ ਨੂੰ ਹੀ ਗੁਰਬਾਣੀ ਵਿੱਚ ਗੁਰੂ ਦਾ ਸਬਦ ਜਾਂ ਸਬਦੁ ਗੁਰੂ ਕਿਹਾ ਗਿਆ ਹੈ।

ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥
ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥
(੫੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥
(੧੦੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥
(੧੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰਬਾਣੀ ਵਿੱਚ ਜਦੋਂ ਵੀ ਸਬਦ ਦੀ ਵੀਚਾਰ ਕਰਨ ਦਾ ਜ਼ਿਕਰ ਆਇਆ ਹੈ, ਉੱਥੇ ਇਸ ਤੋਂ ਭਾਵ ਗੁਰੂ ਦੇ ਸ਼ਬਦ (ਗੁਰੂ-ਉਪਦੇਸ਼) ਦੀ ਵੀਚਾਰ (ਮਨਨ) ਕਰਨ ਤੋਂ ਹੀ ਹੁੰਦਾ ਹੈ।

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥
(੧੩੧੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥
(੧੪੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥
(੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਚੇ ਰਾਤੀ ਗੁਰ ਸਬਦੁ ਵੀਚਾਰ ॥
(੧੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥
(੫੦੯-੫੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
(੧੦੪੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥
(੧੧੩੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰੂ ਦੇ ਸ਼ਬਦ ਦੀ ਵੀਚਾਰ ਕੀਤੀ ਜਾਂਦੀ ਹੈ। ਅਨਾਹਤ ਸ਼ਬਦ ਦੀ ਵੀਚਾਰ ਨਹੀਂ ਕੀਤੀ ਜਾਂਦੀ, ਬਲਕਿ ਉਸ ਵਿੱਚ ਸਿਰਫ਼ ਲਿਵ ਹੀ ਲਗਾਈ ਜਾਂਦੀ ਹੈ। ਗੁਰੂ ਦਾ ਸ਼ਬਦ (ਗੁਰੂ ਦਾ ਉਪਦੇਸ਼) ਵਰਣਾਤਮਕ ਹੁੰਦਾ ਹੈ ਤੇ ਅਨਾਹਤ ਸ਼ਬਦ ਧੁਨਾਤਮਿਕ। ਵਰਣਾਤਮਕ ਸ਼ਬਦ ਉਚਾਰਿਆ ਜਾਂਦਾ ਹੈ, ਵਜਾਇਆ ਨਹੀਂ ਜਾਂਦਾ । ਜਿਵੇਂ ਕੋਈ ਸੰਗੀਤਕ ਸਾਜ਼ (Musical Instrument) ਵੱਜਦਾ ਹੈ, ਉਸੇ ਤਰ੍ਹਾਂ ਅਨਾਹਤ ਸ਼ਬਦ ਵੱਜਦਾ ਹੈ ।

ਅਨਹਦ ਸਬਦ ਵਜੇ ਦਰਬਾਰੇ ॥੩॥
(੧੧੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਬਾਣੀ ਸਬਦੁ ਵਜਾਏ ॥੭॥
(੨੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥
(੧੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥
(੭੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਨਹਦ ਸਬਦੁ ਨਿਰਾਲਾ ਵਾਜੇ ॥
(੮੩੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥
(੮੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
(੭੬੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
(੧੩੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤਹ ਬਾਜੇ ਸਬਦ ਅਨਾਹਦ ਬਾਣੀ ॥
(੯੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰਸ਼ਬਦ (ਗੁਰੂ ਦੇ ਉਪਦੇਸ਼) ਅਨੁਸਾਰ ਚੱਲ ਕੇ ਹੀ ਕੋਈ ਸਾਧਕ ਅਨਾਹਤ ਸ਼ਬਦ ਸੁਣਦਾ ਹੈ: -

ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥
(੭੭੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਿਨ੍ਹਾਂ ਨੇ ਸਤਿਗੁਰੂ ਦੀ ਬਾਣੀ (ਗੁਰੂ ਦਾ ਉਪਦੇਸ਼) ਦਾ ਗਾਇਨ ਕੀਤਾ, ਉਨ੍ਹਾਂ ਦੇ ਦਸਮ-ਦੁਆਰ ਵਿੱਚ ਹੀ ਅਨਾਹਤ ਸ਼ਬਦ ਦੀ ਧੁਨੀ ਵੱਜਦੀ ਹੈ।

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
(੪੪੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਪਤ ਉਪਦੇਸ਼, ਜਾਂ ਗੁਰੂ ਦਾ 'ਸ਼ਬਦ' ਹੀ ਅਸਲ ਗੁਰੂ ਹੈ, ਗੁਰੂ ਦਾ ਸਰੀਰ ਨਹੀਂ। ਇਸ ਦਾ ਭਾਵ ਇਹ ਹੈ ਕਿ ਜੋ ਗੁਰੂ 'ਕਹਿ' ਰਿਹਾ ਹੈ, ਉਸ ਨੂੰ ਮੰਨਣਾ ਹੈ। ਜੋ ਉਹ 'ਕਰ' ਰਿਹਾ ਹੈ, ਉਹ ਕਿਸੇ ਹੋਰ ਸੰਦਰਭ ਵਿੱਚ ਹੋ ਸਕਦਾ ਹੈ।

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥
(੯੩੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਿਸੇ ਵਿਸ਼ੇ ਦੇ ਮਾਹਿਰ ਦਾ ਉਸੀ ਵਿਸ਼ੇ ਬਾਰੇ ਕਿਹਾ ਗਿਆ ਵਚਨ ਸ਼ਬਦ ਪ੍ਰਮਾਣ ਹੈ । ਵਿਸ਼ੇ ਦੇ ਉਸ ਮਾਹਿਰ ਦਾ ਉਹ ਵਚਨ ਉਸ ਪ੍ਰਮਾ (ਗਿਆਨ) ਬਾਰੇ ਹੋਣ ਚਾਹੀਦਾ ਹੈ, ਜੋ ਉਸ ਨੇ ਪ੍ਰਤੱਖ ਪ੍ਰਮਾਣ ਜਾਂ ਕਿਸੇ ਹੋਰ ਪ੍ਰਮਾਣ ਰਾਹੀਂ ਪ੍ਰਾਪਤ ਕੀਤਾ ਹੈ ।

ਉਦਾਹਰਣ ਵਜੋਂ, ਇੱਕ ਆਮ ਵਿਅਕਤੀ ਨੂੰ ਕੈਂਸਰ ਦੀ ਬੀਮਾਰੀ ਬਾਰੇ ਕੁੱਝ ਖ਼ਾਸ ਜਾਣਕਾਰੀ ਨਹੀਂ ਹੁੰਦੀ। ਕੈਂਸਰ ਰੋਗ ਦੇ ਇਲਾਜ ਦੇ ਮਾਹਿਰ ਵੈਦ (ਡਾਕਟਰ) ਦੀ ਕੈਂਸਰ ਰੋਗ ਬਾਰੇ ਆਖੀ ਹੋਈ ਕੋਈ ਗੱਲ ਉਸ ਆਮ ਵਿਅਕਤੀ ਲਈ ਸ਼ਬਦ ਪ੍ਰਮਾਣ ਹੈ । ਕੈਂਸਰ ਰੋਗ ਦੇ ਇਲਾਜ ਦੇ ਮਾਹਿਰ ਉਸੇ ਵੈਦ (ਡਾਕਟਰ) ਦੀ ਇੰਜੀਨੀਅਰਿੰਗ ਦੇ ਵਿਸ਼ੇ ਬਾਰੇ ਆਖੀ ਹੋਈ ਕੋਈ ਗੱਲ ਸ਼ਬਦ ਪ੍ਰਮਾਣ ਨਹੀਂ ਹੋਏਗੀ, ਜੇ ਉਹ ਵੈਦ (ਡਾਕਟਰ) ਇੰਜੀਨੀਅਰਿੰਗ ਦੇ ਵਿਸ਼ੇ ਦਾ ਮਾਹਿਰ ਨਹੀਂ ਹੈ।

ਅਧਿਆਤਮ ਦੇ ਖੇਤਰ ਵਿੱਚ ਸਤਿਗੁਰੂ ਦਾ ਵਚਨ ਹੀ ਸ਼ਬਦ ਪ੍ਰਮਾਣ ਹੈ। ਇਸੇ ਕਾਰਣ ਸਤਿਗੁਰੂ ਦੇ ਵਚਨ ਨੂੰ ਸਿਰਫ਼ 'ਸ਼ਬਦ' ਹੀ ਆਖ ਲਿਆ ਜਾਂਦਾ ਹੈ। ਕੋਈ ਸਰੀਰ ਸਤਿਗੁਰੂ ਨਹੀਂ ਹੁੰਦਾ, ਬਲਕਿ ਉਸ ਅੰਦਰ ਵਸਦਾ ਹੋਇਆ ਅਧਿਆਤਮਿਕ ਗਿਆਨ ਹੀ ਸਤਿਗੁਰੂ ਹੁੰਦਾ ਹੈ। ਇਹ ਅਧਿਆਤਮਿਕ ਗਿਆਨ ਹੀ ਸ਼ਬਦਾਂ ਜਾਂ ਵਚਨਾਂ (ਬੋਲਾਂ) ਰਾਹੀਂ ਪ੍ਰਗਟ ਹੋ ਕੇ ਜਿਗਿਆਸੂ ਕੋਲ ਪੁੱਜਦਾ ਹੈ । ਇਸਲਈ 'ਸ਼ਬਦ' ਹੀ ਅਸਲ ਸਤਿਗੁਰੂ ਹੁੰਦਾ ਹੈ।

ਭਗਤ ਸ੍ਰੀ ਰਾਮਾਨੰਦ ਜੀ ਸਤਿਗੁਰੂ ਤੋਂ ਬਲਿਹਾਰੀ ਜਾਂਦੇ ਹਨ: -

> ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
> (੧੧੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਾਲ ਹੀ ਗੁਰੂ ਦੇ ਸ਼ਬਦ ਦਾ ਜ਼ਿਕਰ ਕਰਦੇ ਹਨ, ਜੋ ਕਿ ਕਰੋੜ ਕਰਮਾਂ ਨੂੰ ਕੱਟ ਦੇਣ ਵਾਲਾ ਹੈ: ।

> ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥
> (੧੧੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਿਰਫ਼ ਸਤਿਗੁਰੂ ਦੇ ਸਰੀਰ ਨੂੰ ਹੀ ਦੇਖਣ ਨਾਲ ਮੁਕਤੀ ਨਹੀਂ ਹੋ ਸਕਦੀ। ਸਤਿਗੁਰੂ ਦੇ ਸ਼ਬਦ ਦੀ ਵੀਚਾਰ ਕਰਨੀ ਬਹੁਤ ਜ਼ਰੂਰੀ ਹੈ।

> ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
> ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
> (੫੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜੇ ਕਿਸੇ ਨੂੰ ਆਪਣੇ ਦਿਲ ਦਾ ਆਪਰੇਸ਼ਨ ਕਰਵਾਉਣ ਦੀ ਲੋੜ ਪੈ ਜਾਏ, ਤਾਂ ਉਹ ਦਿਲ ਦੇ ਮਾਹਿਰ ਡਾਕਟਰ ਕੋਲ ਜਾਏਗਾ, ਕਿਸੇ ਰਾਕੇਟ ਵਿਗਿਆਨੀ ਕੋਲ ਨਹੀਂ, ਹਾਲਾਂਕਿ ਰਾਕੇਟ ਵਿਗਿਆਨੀ ਆਪਣੇ ਵਿਸ਼ੇ (ਰਾਕੇਟ-ਵਿਗਿਆਨ) ਦਾ ਮਾਹਿਰ ਹੈ। ਇਸੇਤਰ੍ਹਾਂ, ਆਧਿਆਤਮਿਕ ਗਿਆਨ ਲਈ ਜਿਗਿਆਸੂ ਆਧਿਆਤਮਿਕ ਮਾਹਿਰ ਕੋਲ ਹੀ ਜਾਏਗਾ, ਕਿਸੇ ਭੌਤਿਕ ਵਿਗਿਆਨੀ ਕੋਲ ਨਹੀਂ।

ਆਧਿਆਤਮਿਕ ਗਿਆਨ ਲਈ ਜੇ ਕੋਈ ਜਿਗਿਆਸੂ ਕਿਸੇ ਨਕਲੀ ਆਧਿਆਤਮਿਕ ਮਾਹਿਰ ਜਾਂ ਨਕਲੀ ਗੁਰੂ ਕੋਲ ਚਲਾ ਜਾਏ, ਤਾਂ ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

> ਕਾਚੇ ਗੁਰ ਤੇ ਮੁਕਤਿ ਨ ਹੂਆ ॥
> (੯੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

> ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
> (੯੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

> ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥
> ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥
> ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥
> (੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਬ੍ਰਹਮਗਿਆਨ ਲਈ ਤਿੰਨ ਕਦਮ

ਬ੍ਰਹਮ-ਗਿਆਨ ਦੀ ਪ੍ਰਾਪਤੀ ਦੀ ਯਾਤਰਾ ਦੇ ਤਿੰਨ ਕਦਮ ਹਨ। ਇਹ ਤਿੰਨ ਕਦਮ ਇਸ ਪ੍ਰਕਾਰ ਹਨ: -

੧. 'ਸ਼ਬਦ' (ਗੁਰੂ ਦਾ ਵਚਨ) ਸੁਣਨਾ,
੨. 'ਸ਼ਬਦ' ਉੱਤੇ ਚਿੰਤਨ ਕਰਨਾ, ਤੇ
੩. ਸਮਾਧੀ ਰਾਹੀਂ ਬ੍ਰਹਮ-ਗਿਆਨ।

ਪ੍ਰਤੱਖ ਪ੍ਰਮਾਣ ਬਾਰੇ ਡੂੰਘਾਈ ਵਿੱਚ ਜਾ ਕੇ ਵੀਚਾਰ ਕਰਨ ਉਪਰੰਤ ਅਸੀਂ ਇਹ ਸਮਝ ਸਕਦੇ ਹਾਂ ਕਿ ਸਥੂਲ ਗਿਆਨ-ਇੰਦਰੀਆਂ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਭਰਮ-ਪੂਰਣ ਹੋ ਸਕਦੀ ਹੈ। ਅਜਿਹੀ ਸੰਭਾਵਨਾ ਹੋ ਸਕਦੀ ਹੈ ਕਿ ਜਿਸ ਨੂੰ 'ਪ੍ਰਤੱਖ' ਸਮਝਿਆ ਗਿਆ, ਉਹ ਭਰਮ-ਪੂਰਣ (illusion) ਹੀ ਹੋਏ। ਵਿਭਚਾਰੀ ਜਾਂ ਭਰਮ-ਪੂਰਣ ਹੋਣ ਕਾਰਣ ਉਹ 'ਪ੍ਰੱਤਖ ਪ੍ਰਮਾਣ' ਤਾਂ ਸੀ ਹੀ ਨਹੀਂ, ਬਸ ਕਿਸੇ ਭਰਮ ਨੂੰ ਹੀ 'ਪ੍ਰਤੱਖ ਪ੍ਰਮਾਣ' ਸਮਝ ਲਿਆ ਗਿਆ।

ਖ਼ਾਸ ਤੌਰ 'ਤੇ ਸੂਖਮ ਆਧਿਆਤਮਿਕ ਗਿਆਨ ਦੇ ਖੇਤਰ ਵਿੱਚ ਕਿਸੇ ਅਜਿਹੇ ਪ੍ਰਮਾਣ ਉੱਤੇ ਨਿਰਭਰ ਰਹਿਣਾ ਠੀਕ ਨਹੀਂ, ਜੋ ਸਿਰਫ਼ ਸਥੂਲ ਗਿਆਨ-ਇੰਦਰੀਆਂ ਉੱਤੇ ਆਧਾਰਿਤ ਹੋਵੇ। ਆਧਿਆਤਮਿਕ ਗਿਆਨ ਪ੍ਰਾਪਤ ਕਰਨ ਲਈ ਜਿਗਿਆਸੂ ਜਿਸ ਸਾਧਨ ਉੱਤੇ ਸਭ ਤੋਂ ਜ਼ਿਆਦਾ ਵਿਸ਼ਵਾਸ਼ ਕਰਦਾ ਹੈ, ਉਹ 'ਸ਼ਬਦ ਪ੍ਰਮਾਣ' ਹੈ। ਆਧਿਆਤਮਿਕ ਸਿੱਧੀ ਪ੍ਰਾਪਤ ਕਰ ਚੁੱਕੇ ਵਿਅਕਤੀ ਜਾਂ ਸਤਿਗੁਰੂ ਦੇ ਸ਼ਬਦ ਜਾਂ ਵਚਨ ਨੂੰ ਸੁਣ ਕੇ ਕੋਈ ਜਿਗਿਆਸੂ ਆਧਿਆਤਮਿਕ ਖੇਤਰ ਵਿੱਚ ਸਿੱਧੀ ਪ੍ਰਾਪਤ ਕਰਨ ਲਈ ਪ੍ਰਵ੍ਰਿਤ (ਕਿਰਿਆਸ਼ੀਲ, Active) ਹੁੰਦਾ ਹੈ। ਉਸ ਲਈ ਸਤਿਗੁਰੂ ਦਾ ਉਹ 'ਸ਼ਬਦ' ਜਾਂ 'ਵਚਨ' ਸੁਣਨਾ ਹੀ ਬ੍ਰਹਮ-ਗਿਆਨ ਪ੍ਰਾਪਤ ਕਰਨ ਦੀ ਯਾਤਰਾ ਵਿੱਚਲਾ ਪਹਿਲਾ ਕਦਮ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥
(੯੮੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥
(੫੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥
(੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
(੩੦੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥ ਗੁਰਬਾਣੀ ਹਰਿ ਅਲਖੁ ਲਖਾਇਆ ॥੧॥
(੩੬੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥੨॥
(੩੭੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਫਿਰ ਉਹ ਆਧਿਆਤਮਿਕ ਸਿੱਧੀ ਪ੍ਰਾਪਤ ਕਰ ਚੁੱਕੇ ਵਿਅਕਤੀ ਜਾਂ ਸਤਿਗੁਰੂ ਦੇ ਸ਼ਬਦ ਜਾਂ ਵਚਨ ਉੱਤੇ ਲਗਾਤਾਰ ਮਨਨ ਜਾਂ ਚਿੰਤਨ (ਵੀਚਾਰ) ਕਰਦਾ ਹੈ। ਅਜਿਹਾ ਚਿੰਤਨ ਉਸ ਨੂੰ ਹੋਰ ਸੋਝੀ ਪ੍ਰਾਪਤ ਕਰਾ ਸਕਣ ਦੇ ਸਮਰੱਥ ਹੁੰਦਾ ਹੈ। ਇਸ ਚਿੰਤਨ ਵਿੱਚ ਸਾਧਾਰਣ 'ਪ੍ਰਤੱਖ ਪ੍ਰਮਾਣ', 'ਅਨੁਮਾਨ ਪ੍ਰਮਾਣ' ਤੇ 'ਉਪਮਾਨ ਪ੍ਰਮਾਣ' ਵੀ ਸ਼ਾਮਿਲ ਹਨ। ਅਨੁਮਾਨ ਲਗਾਉਣ ਲਈ ਚਿੰਤਨ ਕਰਨਾ ਹੀ ਪੈਂਦਾ ਹੈ। ਉਪਮਾਨ ਪ੍ਰਮਾਣ ਦੀ ਵਰਤੋਂ ਲਈ ਵੀ ਚਿੰਤਨ ਦੀ ਜ਼ਰੂਰਤ ਪੈਂਦੀ ਹੀ ਹੈ। ਇਹ ਚਿੰਤਨ (ਸ਼ਬਦ-ਵੀਚਾਰ) ਹੀ ਬ੍ਰਹਮ-ਗਿਆਨ ਪ੍ਰਾਪਤ ਕਰਨ ਦੇ ਰਾਸਤੇ ਦਾ ਦੂਜਾ ਕਦਮ ਸਿੱਧ ਹੁੰਦਾ ਹੈ।

ਐਸੇ ਜਨ ਵਿਰਲੇ ਸੰਸਾਰੇ ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥੧੧॥
(੧੦੩੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥
ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥
(੧੧੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥
ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥
(੩੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਚੇ ਰਾਤੀ ਗੁਰ ਸਬਦੁ ਵੀਚਾਰ ॥
ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥
(੧੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਤਿ ਨਿਰਮਲੁ ਗੁਰ ਸਬਦ ਵੀਚਾਰ ॥
ਨਾਨਕ ਨਾਮਿ ਸਵਾਰਣਹਾਰ ॥੪॥
(੩੬੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ॥
(੫੪੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਾਇਆ ਸੋਧਹਿ ਸਬਦੁ ਵੀਚਾਰਹਿ ॥
ਮੋਹ ਠਗਉਰੀ ਭਰਮੁ ਨਿਵਾਰਹਿ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥
(੧੦੬੮-੧੦੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪ੍ਰਾਪਤ ਕੀਤੇ 'ਸ਼ਬਦ' ਜਾਂ ਗੁਰੂ ਦੇ ਵਚਨ ਉੱਤੇ ਲਗਾਤਾਰ ਡੂੰਘੀ ਵੀਚਾਰ ਜਾਂ ਚਿੰਤਨ ਕਰ ਕੇ ਕੋਈ ਜਿਗਿਆਸੂ ਗੁਰੂ ਰਾਹੀਂ ਪ੍ਰਾਪਤ ਗਿਆਨ ਉੱਤੇ ਪੱਕਾ ਭਰੋਸਾ ਕਰ ਲੈਂਦਾ ਹੈ। ਉਹ 'ਸ਼ਬਦ' ਵਿੱਚ ਦੱਸੇ ਗਏ ਰਾਸਤੇ ਉੱਤੇ ਚੱਲਦਾ ਹੈ ਤੇ ਗੁਰੂ ਦੀ ਕਿਰਪਾ ਨਾਲ ਇੱਕ ਅਜਿਹੀ ਆਧਿਆਤਮਿਕ ਸਥਿੱਤੀ ਵਿੱਚ ਪੁੱਜ ਜਾਂਦਾ ਹੈ, ਜਿਸ ਨੂੰ ਸਮਾਧੀ (ਸਹਜ ਸਮਾਧੀ) ਆਖਿਆ ਜਾਂਦਾ ਹੈ। ਸਮਾਧੀ ਦੌਰਾਨ ਪ੍ਰਾਪਤ ਕੀਤਾ ਗਿਆਨ ਹੀ ਪ੍ਰਤੱਖ ਬ੍ਰਹਮ-ਗਿਆਨ ਹੈ। ਇਹ ਹੀ ਆਖ਼ਰੀ ਕਦਮ ਹੈ ।

ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥
(੧੧੫੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
(੧੨੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥
ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ ॥੧੭੫॥
(੧੩੭੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥
(੧੩੨੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇਨ੍ਹਾਂ ਸਾਰੇ ਕਦਮਾਂ ਦਾ ਆਧਾਰ ਗੁਰੂ ਦਾ 'ਸ਼ਬਦ' ਜਾਂ 'ਵਚਨ' ਹੀ ਹੈ। ਸੋ, ਮੂਲ ਰੂਪ ਵਿੱਚ ਗਿਆਨ (ਬ੍ਰਹਮ-ਗਿਆਨ) ਦਾ ਆਧਾਰ ਸਿਰਫ਼ 'ਸ਼ਬਦ' ਜਾਂ ਗੁਰਬਾਣੀ ਹੀ ਸਿੱਧ ਹੁੰਦੀ ਹੈ।

ਸਤਿਗੁਰੁ ਮੇਰਾ ਸਦਾ ਹੈ ਦਾਤਾ ਜੋ ਇਛੈ ਸੋ ਫਲੁ ਪਾਏ ॥
ਨਾਨਕ ਨਾਮੁ ਮਿਲੈ ਵਡਿਆਈ ਗੁਰ ਸਬਦੀ ਸਚੁ ਪਾਏ ॥੪॥੩॥
(੧੩੩੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥
(੧੩੩੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ ॥
ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ ॥੧॥
(੧੩੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ ॥
(੧੪੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥
(੩੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
(੫੯੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸ਼ਬਦ ਪ੍ਰਮਾਣ ਬਾਰੇ ਵੀਚਾਰ ਕਰਦੇ ਹੋਏ ਆਚਾਰੀਆ ਗੋਤਮ ਲਿਖਦੇ ਹਨ:

ਸ ਦ੍ਵਿਧੋ ਦ੍ਰਸ਼ਟ ਅਦ੍ਰਸ਼ਟਾਰਥਤ੍ਵਾਤ॥੮॥

ਸ਼ਬਦ ਪ੍ਰਮਾਣ ਦੋ ਤਰ੍ਹਾਂ ਦਾ ਹੋ ਸਕਦਾ ਹੈ:

੧. ਦ੍ਰਿਸ਼ਟਾਰਥ ਸ਼ਬਦ ਪ੍ਰਮਾਣ,
੨. ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ।

੧. ਦ੍ਰਿਸ਼ਟਾਰਥ ਸ਼ਬਦ ਪ੍ਰਮਾਣ

ਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਉਹ ਸ਼ਬਦ ਪ੍ਰਮਾਣ ਹੈ, ਜਿਸ ਨੂੰ ਕੋਈ ਜਿਗਿਆਸੂ ਆਪਣੀ ਜ਼ਿੰਦਗੀ ਦੌਰਾਨ ਆਉਣ ਵਾਲੇ ਕਿਸੇ ਸਮੇਂ ਵਿੱਚ ਆਪਣੇ ਪ੍ਰਤੱਖ ਦਾ ਵਿਸ਼ਾ ਬਣਾ ਸਕਦਾ ਹੈ। ਉਦਾਹਰਣ ਵਜੋਂ, ਦਿੱਲੀ ਵਿੱਚ ਰਹਿਣ ਵਾਲਾ ਕੋਈ ਵਿਅਕਤੀ ਰਾਮਪਾਲ ਕਦੇ ਦਿੱਲੀ ਨਾ ਆਏ ਵਿਅਕਤੀ ਸ਼ਾਮਪਾਲ ਨੂੰ ਦਿੱਲੀ ਦੇ ਲਾਲ ਕਿਲ੍ਹੇ ਦੇ ਆਕਾਰ ਆਦਿ ਬਾਰੇ ਦੱਸਦਾ ਹੈ। ਰਾਮਪਾਲ ਨੇ ਦਿੱਲੀ ਦੇ ਲਾਲ ਕਿਲ੍ਹੇ ਨੂੰ ਪ੍ਰਤੱਖ ਵੇਖਿਆ ਹੈ, ਇਸਲਈ ਉਸ ਦਾ ਵਚਨ ਸ਼ਾਮਪਾਲ ਲਈ ਸ਼ਬਦ ਪ੍ਰਮਾਣ ਹੈ। ਬਾਅਦ ਵਿੱਚ ਸ਼ਾਮਪਾਲ ਵੀ ਕਦੇ ਦਿੱਲੀ ਆ ਕੇ ਲਾਲ ਕਿਲ੍ਹਾ ਦੇਖਦਾ ਹੈ। ਸ਼ਾਮਪਾਲ ਵੱਲੋਂ ਲਾਲ ਕਿਲ੍ਹਾ ਵੇਖਣਾ ਹੁਣ ਉਸ ਲਈ ਪ੍ਰੱਤਖ ਪ੍ਰਮਾਣ ਹੈ। ਰਾਮਪਾਲ ਵੱਲੋਂ ਲਾਲ ਕਿਲ੍ਹੇ ਬਾਰੇ ਕੀਤਾ ਗਿਆ ਵਰਣਨ ਸ਼ਬਦ ਪ੍ਰਮਾਣ ਸੀ, ਜੋ ਬਾਅਦ ਵਿੱਚ ਸ਼ਾਮਪਾਲ ਵੱਲੋਂ ਪ੍ਰੱਤਖ ਕਰ ਲਿਆ ਗਿਆ। ਅਜਿਹਾ ਸ਼ਬਦ ਪ੍ਰਮਾਣ ਹੀ ਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਹੈ, ਜੋ ਜਿਗਿਆਸੂ ਵੱਲੋਂ ਆਪਣੀ ਇਸ ਜ਼ਿੰਦਗੀ ਦੌਰਾਨ ਪ੍ਰੱਤਖ ਕੀਤਾ ਜਾ ਸਕਦਾ ਹੈ।

੨. ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ

ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਉਹ ਸ਼ਬਦ ਪ੍ਰਮਾਣ ਹੈ, ਜਿਸ ਨੂੰ ਕੋਈ ਜਿਗਿਆਸੂ ਆਪਣੀ ਜ਼ਿੰਦਗੀ ਦੌਰਾਨ ਆਉਣ ਵਾਲੇ ਕਿਸੇ ਸਮੇਂ ਵਿੱਚ ਆਪਣੇ ਪ੍ਰਤੱਖ ਦਾ ਵਿਸ਼ਾ ਨਾ ਬਣਾ ਸਕਦਾ ਹੋਏ। ਉਦਾਹਰਣ ਵਜੋਂ, ਕਿਸੇ ਇੱਕ ਵਿਅਕਤੀ ਨੂੰ ਕੋਈ ਦੂਸਰਾ ਵਿਅਕਤੀ ਆਪਣਾ ਧਰਮ-ਉਪਦੇਸ਼ਕ ਮੰਨ ਕੇ ਉਸ ਦੇ ਹਰ ਵਚਨ ਨੂੰ ਸ਼ਬਦ ਪ੍ਰਮਾਣ ਮੰਨਦਾ ਹੈ। ਉਹ ਧਰਮ-ਉਪਦੇਸ਼ਕ ਜੇ ਇਹ ਆਖੇ ਕਿ ਸਵਰਗ ਵਿੱਚ ੭੨ ਪਰੀਆਂ ਦੀ ਪ੍ਰਾਪਤੀ ਹੋਏਗੀ, ਤਾਂ ਅਜਿਹਾ ਵਚਨ ਉਸ ਦੇ ਮੰਨਣ ਵਾਲੇ ਲਈ ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਹੈ, ਕਿਉਂਕਿ ਅਜਿਹੇ ਕਿਸੇ ਵਚਨ ਨੂੰ ਮੰਨਣ ਵਾਲਾ ਕੋਈ ਵਿਅਕਤੀ ਇਸ ਦੀ ਅਸਲੀਅਤ ਨੂੰ ਆਪਣੇ ਜੀਊਂਦੇ ਜੀਅ ਨਹੀਂ ਜਾਣ ਸਕੇਗਾ।

ਪ੍ਰਮਾਣਾਂ ਦੀ ਸਾਰਥਕਤਾ

ਇਹ ਜਾਣ ਲਿਆ ਕਿ ਜੋ ਗਿਆਨ ਜਾਂ ਪ੍ਰਮਾ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ, ਉਸ ਨੂੰ 'ਪ੍ਰਮਾਣ' (प्रमाण) ਕਿਹਾ ਜਾਂਦਾ ਹੈ। ਪ੍ਰੰਤੂ, ਪ੍ਰਮਾਣਾਂ ਦੀ ਆਪਣੀ ਪ੍ਰਮਾਣਿਕਤਾ ਕਿੰਨੀ-ਕੁ ਹੈ? ਪ੍ਰਮਾਣ ਖ਼ੁਦ ਕਿੰਨੇ-ਕੁ ਭਰੋਸੇਯੋਗ ਹਨ? ਪ੍ਰਮਾਣਾਂ ਦੀ ਸਾਰਥਕਤਾ ਕਿੰਨੀ-ਕੁ ਹੈ?

ਪ੍ਰਤੱਖ ਪ੍ਰਮਾਣ ਦੀ ਸਾਰਥਕਤਾ

ਇਹ ਸਮਝ ਲਿਆ ਗਿਆ ਕਿ ਪ੍ਰਮਾ ਪ੍ਰਾਪਤ ਕਰਨ ਦੇ ਵੱਖ-ਵੱਖ ਸਾਧਨਾਂ (ਪ੍ਰਮਾਣਾਂ) ਵਿੱਚੋਂ ਪ੍ਰਤੱਖ ਪ੍ਰਮਾਣ ਸਭ ਤੋਂ ਉੱਤਮ ਹੈ। ਇਹ ਇਕ ਅਜਿਹਾ ਸਾਧਨ ਹੈ, ਜੋ ਦੁਬਿਧਾ ਨੂੰ ਮੁੱਢ ਤੋਂ ਹੀ ਖ਼ਤਮ ਕਰ ਦਿੰਦਾ ਹੈ। ਬਾਕੀ ਪ੍ਰਮਾਣਾਂ ਦੀ ਆਪੋ-ਆਪਣੀ ਮਹੱਤਤਾ ਹੈ, ਪ੍ਰੰਤੂ ਪ੍ਰਤੱਖ ਪ੍ਰਮਾਣ ਗਿਆਨ ਦੀ ਉਹ ਰੌਸ਼ਨੀ ਪ੍ਰਗਟ ਕਰਦਾ ਹੈ, ਜਿਸ ਨਾਲ ਭਰਮ ਤੇ ਦੁਬਿਧਾ ਆਦਿ ਕਾਇਮ ਰਹਿਣ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ।

ਫਿਰ ਵੀ, ਇਹ ਸੰਭਾਵਨਾ ਹੋ ਸਕਦੀ ਹੈ ਕਿ ਜਿਸ ਨੂੰ 'ਪ੍ਰਤੱਖ' ਸਮਝਿਆ ਗਿਆ, ਉਹ ਮਹਿਜ਼ ਭਰਮ ਹੀ ਹੋਏ। ਹੋ ਸਕਦਾ ਹੈ ਕਿ ਜਿਸ ਨੂੰ 'ਪ੍ਰਤੱਖ' ਸਮਝਿਆ ਗਿਆ, ਉਹ ਅਸਲ ਵਿੱਚ ਪ੍ਰਤੱਖ ਹੋਵੇ ਹੀ ਨਾ । ਜਿਸ ਨੂੰ 'ਪ੍ਰਤੱਖ' ਸਮਝਿਆ ਜਾ ਰਿਹਾ ਹੈ, ਉਹ ਵਿਭਚਾਰੀ ਹੀ ਹੋਵੇ । ਜਿਸ ਨੂੰ 'ਪ੍ਰਤੱਖ' ਸਮਝਿਆ ਜਾ ਰਿਹਾ ਹੈ, ਉਹ ਭਰਮ-ਪੂਰਣ (illusion) ਹੋਏ ।

ਪ੍ਰਤੱਖ ਪ੍ਰਮਾਣ ਹਰ ਵਕਤ, ਹਰ ਥਾਂ ਉਪਯੋਗੀ ਨਹੀਂ ਹੋ ਸਕਦਾ। ਐਸੇ ਹਾਲਾਤ ਹੋ ਸਕਦੇ ਹਨ, ਜਿੱਥੇ ਪ੍ਰਤੱਖ ਦਾ ਆਸਰਾ ਲੈਣਾ ਮੁਮਕਿਨ ਨਹੀਂ ਹੁੰਦਾ । ਅਜਿਹੇ ਕੁੱਝ ਹਾਲਾਤ ਇਸ ਪ੍ਰਕਾਰ ਹਨ:

੧. ਵਿਸ਼ਾ ਅਤਿ-ਦੂਰ ਹੋਣਾ

ਅਜਿਹਾ ਸੰਭਵ ਹੈ ਕਿ ਕਿਸੇ ਗਿਆਨ-ਇੰਦਰੀ ਤੋਂ ਉਸ ਦਾ ਸੰਬੰਧਿਤ ਵਿਸ਼ਾ ਇੰਨਾ ਜ਼ਿਆਦਾ ਦੂਰ ਹੋਏ ਕਿ ਉਸ ਦਾ ਪ੍ਰਤੱਖ ਨਾ ਕੀਤਾ ਜਾ ਸਕੇ। ਉਦਾਹਰਣ ਵਜੋਂ, ਕੋਈ ਮਨੁੱਖ ਇਹ ਨਾ ਦੇਖ ਸਕੇ ਕਿ ਬਹੁਤ ਦੂਰ ਪਹਾੜ ਉੱਤੇ ਕਿਸ ਪ੍ਰਕਾਰ ਦਾ ਰੁੱਖ ਲੱਗਾ ਹੋਇਆ ਹੈ। ਗਿਆਨ-ਇੰਦਰੀ (ਅੱਖ) ਵੀ ਹੈ, ਤੇ ਉਸ ਦਾ ਵਿਸ਼ਾ ਰੂਪ (ਪਹਾੜ ਉੱਤੇ ਉੱਗਿਆ ਹੋਇਆ ਕੋਈ ਰੁੱਖ) ਵੀ। ਪਰ ਗਿਆਨ-ਇੰਦਰੀ ਤੇ ਉਸਦੇ ਵਿਸ਼ੇ ਵਿੱਚਲੀ ਬਹੁਤ ਜ਼ਿਆਦਾ ਦੂਰੀ ਕਾਰਣ ਉਸ ਨੂੰ ਪ੍ਰਤੱਖ ਕਰਨਾ ਸੰਭਵ ਨਹੀਂ ਰਿਹਾ।

ਇਸ ਹਾਲਤ ਨੂੰ ਬਦਲਣ ਤੋਂ ਬਿਨ੍ਹਾਂ ਪਹਾੜ ਉੱਤੇ ਉੱਗੇ ਹੋਏ ਰੁੱਖ ਨੂੰ ਪ੍ਰਤੱਖ ਨਹੀਂ ਕੀਤਾ ਜਾ ਸਕਦਾ। ਰੁੱਖ ਦੇ ਰੂਪ ਨੂੰ ਪ੍ਰਤੱਖ ਕਰਨ ਲਈ ਹਾਲਤ ਨੂੰ ਬਦਲਣਾ ਪਏਗਾ। ਜੇ ਉਸ ਰੁੱਖ ਦੇ ਨਜ਼ਦੀਕ ਪਹੁੰਚਿਆ ਜਾਏ, ਤਾਂ ਹਾਲਤ ਬਦਲ ਜਾਏਗੀ ਤੇ ਰੁੱਖ ਦਾ ਰੂਪ ਨੂੰ ਅੱਖ ਰਾਹੀਂ ਵੇਖਿਆ ਜਾ ਸਕੇਗਾ। ਦੂਰ ਦੇ ਉਸ ਰੁੱਖ ਨੂੰ ਕਿਸੇ ਯੰਤਰ (ਦੂਰਬੀਨ) ਆਦਿ ਦੀ ਵਰਤੋਂ ਕਰ ਕੇ ਵੀ ਵੇਖਿਆ ਜਾ ਸਕਦਾ ਹੈ। ਇਹ ਵੀ ਹਾਲਤ ਨੂੰ ਬਦਲ ਦੇਣ ਦੀ ਹੀ ਸਥਿਤੀ ਹੈ ।

੨. ਵਿਸ਼ਾ ਅਤਿ-ਨਜ਼ਦੀਕ ਹੋਣਾ

ਅਜਿਹਾ ਸੰਭਵ ਹੈ ਕਿ ਕਿਸੇ ਗਿਆਨ-ਇੰਦਰੀ ਤੋਂ ਉਸ ਦਾ ਸੰਬੰਧਿਤ ਵਿਸ਼ਾ ਇੰਨਾ ਜ਼ਿਆਦਾ ਨਜ਼ਦੀਕ ਹੋਏ ਕਿ ਉਸ ਪ੍ਰਤੱਖ ਨਾ ਕੀਤਾ ਜਾ ਸਕੇ। ਉਦਾਹਰਣ ਵਜੋਂ, ਅੱਖ ਵਿੱਚ ਪਾਇਆ ਹੋਇਆ ਸੁਰਮਾ ਉਹ ਹੀ ਅੱਖ ਨਹੀਂ ਵੇਖ ਸਕਦੀ।

੩. ਵਿਸ਼ਾ ਅਤਿ-ਸੂਖਮ ਹੋਣਾ

ਕਿਸੇ ਧਾਤੂ ਦੇ ਅਣੂ ਇੰਨੇ ਸੂਖਮ ਹੁੰਦੇ ਹਨ ਕਿ ਮਨੁੱਖੀ ਅੱਖ ਵਿੱਚ ਉਨ੍ਹਾਂ ਨੂੰ ਵੇਖਣ ਦੀ ਸਮਰੱਥਾ ਨਹੀਂ ਹੁੰਦੀ। ਕਈ ਜੀਵਾਂ ਦੀ ਆਵਾਜ਼ ਨੂੰ ਉਹ ਜੀਵ ਖ਼ੁਦ ਤਾਂ ਸੁਣ ਸਕਦੇ ਹਨ, ਪਰ ਮਨੁੱਖ ਨਹੀਂ ਸੁਣ ਸਕਦੇ।

ਸੂਖਮ ਵਿਸ਼ੇ ਸਿਰਫ਼ ਸੂਖਮ ਸਰੀਰ ਦੀਆਂ ਗਿਆਨ-ਇੰਦਰੀਆਂ ਹੀ ਪ੍ਰਤੱਖ ਕਰਦੀਆਂ ਹਨ। ਸੂਖਮ ਸ਼ਬਦ ਨੂੰ ਸਥੂਲ ਕੰਨ ਨਹੀਂ ਸੁਣ ਸਕਦੇ। ਸੂਖਮ ਸਪਰਸ਼ ਨੂੰ ਸਥੂਲ ਚਮੜੀ ਨਹੀਂ ਮਹਿਸੂਸ ਕਰ ਸਕਦੀ। ਸੂਖਮ ਰੂਪ ਨੂੰ ਸਥੂਲ ਨੇਤਰ ਨਹੀਂ ਦੇਖ ਸਕਦੇ। ਸੂਖਮ ਰਸ ਨੂੰ ਸਥੂਲ ਰਸਨਾ ਨਹੀਂ ਗ੍ਰਹਿਣ ਕਰ ਸਕਦੀ। ਸੂਖਮ ਗੰਧ ਨੂੰ ਸਥੂਲ ਨੱਕ ਨਹੀਂ ਜਾਣ ਸਕਦਾ। ਸੂਖਮ ਵਿਸ਼ਿਆਂ ਨੂੰ ਸੂਖਮ ਸ਼ਰੀਰ ਦੀਆਂ ਗਿਆਨ-ਇੰਦਰੀਆਂ ਹੀ ਪ੍ਰਤੱਖ ਕਰ ਸਕਦੀਆਂ ਹਨ।

੪. ਮਨ ਦਾ ਭਟਕ ਜਾਣਾ

ਕਿਸੇ ਸਾਧਾਰਣ ਵਿਸ਼ੇ ਦਾ ਪ੍ਰੱਤਖ ਗਿਆਨ ਹਾਸਿਲ ਕਰਨ ਲਈ ਸੰਬੰਧਿਤ ਗਿਆਨ-ਇੰਦਰੀ ਨਾਲ ਮਨ ਦਾ ਸੰਯੋਗ ਹੋਣਾ ਜ਼ਰੂਰੀ ਹੈ। ਜੇ ਮਨ ਕਿਤੇ ਹੋਰ ਲੱਗਾ ਹੋਇਆ ਹੈ, ਤਾਂ ਸੰਭਵ ਹੈ ਕਿ ਗਿਆਨ-ਇੰਦਰੀਆਂ ਵੱਲੋਂ ਮਨ ਨੂੰ ਆਪਣੇ ਵਿਸ਼ਿਆਂ ਬਾਰੇ ਭੇਜੀ ਗਈ ਸੂਚਨਾ ਨੂੰ ਮਨ ਹੀ ਗ੍ਰਹਿਣ ਨਾ ਕਰ ਸਕੇ।

ਉਦਾਹਰਣ ਵਜੋਂ, ਜੇ ਕੋਈ ਵਿਅਕਤੀ ਬਹੁਤ ਜ਼ਿਆਦਾ ਦੁੱਖ ਕਾਰਣ ਪ੍ਰੇਸ਼ਾਨ ਹੈ, ਤਾਂ ਹੋ ਸਕਦਾ ਹੈ ਕਿ ਉਹ ਕਿਸੇ ਵਸਤੂ ਨੂੰ ਦੇਖ ਕੇ ਵੀ ਨਾ ਦੇਖ ਸਕੇ। ਕਈ ਵਾਰ ਅਜਿਹਾ ਹੋ ਜਾਂਦਾ ਹੈ ਕਿ ਕੋਈ ਵਿਅਕਤੀ ਕਿਤੇ ਜਾ ਰਿਹਾ ਹੁੰਦਾ ਹੈ, ਪਰ ਉਸ ਦਾ ਮਨ ਕਿਸੇ ਹੋਰ ਵਿਸ਼ੇ ਵਿੱਚ ਪੂਰੀ ਤਰ੍ਹਾਂ ਡੁੱਬਾ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਉਹ ਉਸ ਜਗ੍ਹਾ ਤੋਂ ਵੀ ਅੱਗੇ ਚਲਾ ਜਾਂਦਾ ਹੈ, ਜਿੱਥੇ ਉਸ ਨੇ ਜਾਣਾ ਸੀ। ਬੇਸ਼ਕ ਉਸ ਦੀ ਅੱਖ ਉਸ ਜਗ੍ਹਾ ਨੂੰ ਪ੍ਰਤੱਖ ਕਰ ਵੀ ਰਹੀ ਸੀ, ਜਿੱਥੇ ਉਸ ਵਿਅਕਤੀ ਨੇ ਜਾਣਾ ਸੀ, ਪਰ ਉਸ ਦਾ ਮਨ ਕਿਤੇ ਹੋਰ ਲੱਗਾ ਹੋਣ ਕਾਰਣ ਉਹ ਆਪਣੀ ਮੰਜ਼ਿਲ ਦਾ ਗਿਆਨ ਪ੍ਰਾਪਤ ਨਾ ਕਰ ਸਕਿਆ।

ਜੇ ਵਿਅਕਤੀ ਕਿਸੇ ਨਸ਼ੇ ਦੇ ਪ੍ਰਭਾਵ ਹੇਠ ਹੈ, ਤਾਂ ਵੀ ਮੁਮਕਿਨ ਹੈ ਕਿ ਉਸਦਾ ਮਨ ਆਪਣੀਆਂ ਗਿਆਨ-ਇੰਦਰੀਆਂ ਰਾਹੀਂ ਪਹੁੰਚਾਈਆਂ ਜਾ ਰਹੀਆਂ ਸੂਚਨਾਵਾਂ ਨੂੰ ਨਾ ਗ੍ਰਹਿਣ ਕਰ ਸਕੇ।

੫. ਗਿਆਨ-ਇੰਦਰੀ ਦਾ ਘਾਤ ਹੋ ਜਾਣਾ

ਕਿਸੇ ਗਿਆਨ-ਇੰਦਰੀ (ਕੰਨ, ਚਮੜੀ, ਅੱਖਾਂ, ਜੀਭ ਤੇ ਨੱਕ) ਦਾ ਘਾਤ ਹੋ ਜਾਣ ਨਾਲ ਵੀ ਉਸ ਦੇ ਸੰਬੰਧਿਤ ਵਿਸ਼ੇ ਦਾ ਗਿਆਨ ਹਾਸਿਲ ਨਹੀਂ ਹੋ ਸਕਦਾ। ਉਦਾਹਰਣ ਵਜੋਂ, ਜੇ ਕੋਈ ਵਿਅਕਤੀ ਅੰਨ੍ਹਾ ਹੈ, ਤਾਂ ਉਹ ਕਿਸੇ ਵਸਤੂ ਦੇ ਕੋਲ ਹੋਣ ਦੇ ਬਾਵਜੂਦ ਵੀ ਉਸ ਨੂੰ ਦੇਖ ਨਹੀਂ ਸਕਦਾ ।

੬. ਤਿਰਸਕਾਰ ਹੋ ਜਾਣਾ

ਦਿਨ ਦੇ ਸਮੇਂ ਵੀ ਆਕਾਸ਼ ਵਿੱਚ ਗ੍ਰਹਿ ਤੇ ਤਾਰੇ ਆਦਿ ਮੌਜੂਦ ਹੁੰਦੇ ਹਨ, ਪਰ ਸੂਰਜ ਦੀ ਰੌਸ਼ਨੀ ਕਾਰਣ ਉਨ੍ਹਾਂ ਗ੍ਰਹਾਂ ਤੇ ਤਾਰਿਆਂ ਆਦਿ ਨੂੰ ਦੇਖਣਾ ਸੰਭਵ ਨਹੀਂ ਹੁੰਦਾ।

ਅਨੁਮਾਨ ਪ੍ਰਮਾਣ ਦੀ ਸਾਰਥਕਤਾ

ਅਨੁਮਾਨ ਪ੍ਰਮਾਣ ਵਿੱਚ ਗ਼ਲਤੀ ਦੀ ਸੰਭਾਵਨਾ ਪ੍ਰਤੱਖ ਪ੍ਰਮਾਣ ਨਾਲੋਂ ਜ਼ਿਆਦਾ ਹੁੰਦੀ ਹੈ। ਕਾਰਣ ਤੋਂ ਕਾਰਜ ਦਾ ਜਾਂ ਕਾਰਜ ਤੋਂ ਕਾਰਣ ਦਾ ਅਨੁਮਾਨ ਲਗਾ ਕੇ ਕੁੱਝ ਜਾਣ ਲੈਣਾ ਅਨੁਮਾਨ ਪ੍ਰਮਾਣ ਹੈ। ਉਦਾਹਰਣ ਦੇ ਤੌਰ 'ਤੇ, ਅਸੀਂ ਜਾਣਦੇ ਹਾਂ ਕਿ ਮੀਂਹ (ਕਾਰਜ) ਉਦੋਂ ਹੀ ਪੈਂਦਾ ਹੈ, ਜਦੋਂ ਇਸ ਦਾ ਕਾਰਣ ਬੱਦਲ ਮੌਜੂਦ ਹੋਏ। ਜੇ ਕਦੇ ਅਸੀਂ ਬੱਦਲ ਦੇਖੀਏ, ਤਾਂ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਮੀਂਹ ਪੈ ਸਕਦਾ ਹੈ। ਪਰ, ਹੋ ਸਕਦਾ ਹੈ ਕਿ ਬੱਦਲ ਹੋਣ ਦੇ ਬਾਵਜੂਦ ਵੀ ਮੀਂਹ ਨਾ ਪਏ। ਜੋ ਸਕਦਾ ਹੈ ਕਿ ਬੱਦਲ ਛਾਏ ਹੋਣ, ਪਰ ਤੇਜ਼ ਹਵਾ ਨਾਲ ਬੱਦਲ ਉੱਡ ਕੇ ਦੂਰ ਚਲੇ ਜਾਣ। ਅਜਿਹਾ ਹੋਣ ਨਾਲ, ਜਿਸ ਥਾਂ ਮੀਂਹ ਪੈਣ ਦਾ ਅਨੁਮਾਨ ਕੀਤਾ ਗਿਆ ਸੀ, ਉੱਥੇ ਮੀਂਹ ਨਾ ਪਏ।

ਕਿਸੇ ਨਦੀ ਵਿੱਚ ਪਾਣੀ ਦਾ ਪੱਧਰ ਵੱਧਿਆ ਹੋਇਆ ਦੇਖ ਕੇ ਇਹ ਅਨੁਮਾਨ ਲਗਾ ਲਿਆ ਜਾਂਦਾ ਹੈ ਕਿ ਜਿਸ ਪਾਸੇ ਤੋਂ ਨਦੀ ਦਾ ਪ੍ਰਵਾਹ ਆ ਰਿਹਾ ਹੈ, ਉਸ ਪਾਸੇ ਕਿਤੇ ਮੀਂਹ ਪਿਆ ਹੋਏਗਾ। ਪ੍ਰੰਤੂ, ਹੋ ਸਕਦਾ ਹੈ ਕਿ ਨਦੀ ਵਿੱਚ ਪਾਣੀ ਦਾ ਵੱਧਿਆ ਹੋਇਆ ਪੱਧਰ ਉੱਪਰਲੇ ਪਾਸੇ ਪਏ ਮੀਂਹ ਕਾਰਣ ਨਾ ਹੋਏ, ਸਗੋਂ ਉਸ ਪਾਸੇ ਕੋਈ ਬੰਨ੍ਹ ਆਦਿ ਟੁੱਟ ਗਿਆ ਹੋਵੇ ।

ਅਨੁਮਾਨ ਪ੍ਰਮਾਣ ਤਾਂ ਹੀ ਸਾਰਥਿਕ ਹੈ, ਜੇ ਉਸ ਵਿੱਚ ਗ਼ਲਤੀ ਦੀ ਸੰਭਾਵਨਾ ਨਾ ਹੋਵੇ।

ਉਪਮਾਨ ਪ੍ਰਮਾਣ ਦੀ ਸਾਰਥਕਤਾ

ਉਪਮਾਨ ਪ੍ਰਮਾਣ ਮਨ ਦੀ ਕਲਪਨਾ ਸ਼ਕਤੀ ਉੱਤੇ ਬਹੁਤ ਨਿਰਭਰ ਕਰਦਾ ਹੈ ।

ਮੰਨ ਲਉ, ਕੋਈ ਵਿਅਕਤੀ ਰਾਮਪਾਲ ਕਿਸੇ ਨਗਰ ਵਿੱਚ ਸ਼ਾਮਪਾਲ ਦੇ ਘਰ ਜਾਣਾ ਚਾਹੁੰਦਾ ਹੈ, ਜਿੱਥੇ ਉਹ ਪਹਿਲਾਂ ਕਦੇ ਨਹੀਂ ਗਿਆ। ਉਹ ਉਸ ਨਗਰ ਦੇ ਕਿਸੇ ਵਾਸੀ ਤੋਂ ਸ਼ਾਮਪਾਲ ਦੇ ਘਰ ਦਾ ਪਤਾ ਪੁੱਛਦਾ ਹੈ। ਉਹ ਨਗਰ ਵਾਸੀ ਰਾਮਪਾਲ ਨੂੰ ਕੋਲ ਦੇ ਇੱਕ ਘਰ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਜਿਸ ਤਰ੍ਹਾਂ ਇਸ ਘਰ ਦਾ ਆਕਾਰ ਤੇ ਰੰਗ ਹੈ, ਇਸੇ ਆਕਾਰ ਤੇ ਰੰਗ ਵਾਲਾ ਇੱਕ ਹੋਰ ਘਰ ਅਗਲੇ ਮੁਹੱਲੇ ਵਿੱਚ ਹੈ। ਉਹ ਘਰ ਹੀ ਸ਼ਾਮਪਾਲ ਦਾ ਘਰ ਹੈ। ਰਾਮਪਾਲ ਅਗਲੇ ਮੁਹੱਲੇ ਵਿੱਚ ਪੁੱਜਦਾ ਹੈ ਤੇ ਉਸੇ ਆਕਾਰ ਤੇ ਰੰਗ ਵਾਲਾ ਇੱਕ ਘਰ ਦੇਖ ਕੇ ਜਾਣ ਲੈਂਦਾ ਹੈ ਕਿ ਸ਼ਾਮਪਾਲ ਦਾ ਘਰ ਹੈ ਤੇ ਉੱਥੇ ਪੁੱਜ ਕੇ ਸ਼ਾਮਪਾਲ ਨੂੰ ਮਿਲ ਲੈਂਦਾ ਹੈ। ਪ੍ਰੰਤੂ, ਹੋ ਸਕਦਾ ਹੈ ਕਿ ਉਸੇ ਆਕਾਰ ਤੇ ਰੰਗ ਵਾਲਾ ਕੋਈ ਹੋਰ ਘਰ ਵੀ ਉੱਥੇ ਮੌਜੂਦ ਹੋਵੇ, ਜਿਸ ਬਾਰੇ ਨਗਰ ਦੇ ਉਸ ਵਾਸੀ ਨੂੰ ਨਾ ਖ਼ਿਆਲ ਰਿਹਾ ਹੋਵੇ, ਜਿਸ ਤੋਂ ਰਾਮਪਾਲ ਨੇ ਪਤਾ ਪੁੱਛਿਆ ਸੀ।

ਉਪਮਾਨ ਪ੍ਰਮਾਣ ਤਾਂ ਹੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦਾ ਹੈ, ਜਦ ਕੀਤੀ ਗਈ ਉਪਮਾ ਜਾਂ ਤੁਲਨਾ ਬਹੁਤ ਬਾਰੀਕੀ ਵਾਲੀ ਹੋਵੇ। ਜੇ ਇਹ ਤੁਲਨਾ ਬਹੁਤ ਵੀਚਾਰ ਕੇ ਕੀਤੀ ਗਈ ਹੋਵੇ, ਤੇ ਇਹ ਤੁਲਨਾ ਕੀਤੀ ਵੀ ਉਸ ਵਿਅਕਤੀ ਵੱਲੋਂ ਗਈ ਹੋਵੇ, ਜੋ ਉਸ ਵਸਤੂ ਦਾ ਪ੍ਰਤੱਖ ਗਿਆਨ ਹਾਸਿਲ ਕਰ ਚੁੱਕਾ ਹੈ, ਤਾਂ ਹੀ ਉਪਮਾਨ ਪ੍ਰਮਾਣ ਦੀ ਸਾਰਥਿਕਤਾ ਸਿੱਧ ਹੋ ਸਕਦੀ ਹੈ।

ਸ਼ਬਦ ਪ੍ਰਮਾਣ ਦੀ ਸਾਰਥਕਤਾ

ਸ਼ਬਦ ਪ੍ਰਮਾਣ ਆਪਣੇ ਵਿਸ਼ੇ ਦੇ ਮਾਹਿਰ ਦਾ ਉਸ ਵਿਸ਼ੇ ਸੰਬੰਧੀ ਕਿਹਾ ਗਿਆ ਵਚਨ ਹੈ। ਉਸੇ ਮਾਹਿਰ ਵੱਲੋਂ ਕਿਸੇ ਹੋਰ ਵਿਸ਼ੇ ਬਾਰੇ, ਜਿਸ ਬਾਰੇ ਉਹ ਮਾਹਿਰ ਨਹੀਂ ਹੈ, ਕਿਹਾ ਗਿਆ ਵਚਨ ਸ਼ਬਦ ਪ੍ਰਮਾਣ ਨਹੀਂ ਹੈ। ਸ਼ਬਦ ਪ੍ਰਮਾਣ ਦੀ ਸਾਰਥਿਕਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਜਿਸ ਦੇ ਵਚਨ ਨੂੰ ਸ਼ਬਦ ਪ੍ਰਮਾਣ ਸਮਝਿਆ ਜਾ ਰਿਹਾ ਹੈ, ਕੀ ਉਹ ਵਚਨ ਸੱਚਮੁੱਚ ਹੀ ਵਿਸ਼ੇ ਦੇ ਮਾਹਿਰ ਦਾ ਹੈ ਕਿ ਨਹੀਂ?

ਹੋ ਸਕਦਾ ਹੈ ਕਿ ਕੋਈ ਇੱਕ ਵਿਅਕਤੀ ਆਪਣੇ ਵਿਸ਼ੇ ਦਾ ਮਾਹਿਰ ਨਾ ਹੋਵੇ, ਪਰ ਕੋਈ ਦੂਜਾ ਵਿਅਕਤੀ ਉਸ ਨੂੰ ਸ਼ਬਦ ਪ੍ਰਮਾਣ ਹੀ ਮੰਨੀ ਜਾਵੇ। ਅਜਿਹੀ ਹਾਲਤ ਵਿੱਚ ਉਹ ਸ਼ਬਦ ਪ੍ਰਮਾਣ ਨਹੀਂ ਹੈ, ਸਿਰਫ਼ ਇੱਕ ਭਰਮ ਹੈ।

ਜਿਸ ਨੂੰ ਸ਼ਬਦ ਪ੍ਰਮਾਣ ਮੰਨਿਆ ਗਿਆ ਹੈ, ਉਸ ਨੂੰ ਭੂਤਕਾਲ ਜਾਂ ਵਰਤਮਾਨ ਦੀਆਂ ਘਟਨਾਵਾਂ ਜਾਂ ਖੋਜਾਂ ਨੇ ਗ਼ਲਤ ਸਾਬਿਤ ਤਾਂ ਨਹੀਂ ਕੀਤਾ? ਕੋਈ ਇੱਕ ਵਿਅਕਤੀ ਕਹਿੰਦਾ ਹੈ ਕਿ ਧਰਤੀ ਚਪਟੀ ਹੈ । ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਧਰਤੀ ਚਪਟੀ ਨਹੀਂ, ਬਲਕਿ ਗੋਲ ਹੈ । ਅਜਿਹੀ ਸਥਿਤੀ ਵਿੱਚ ਐਸਾ ਵਚਨ ਕਿ 'ਧਰਤੀ ਚਪਟੀ ਹੈ', ਸ਼ਬਦ ਪ੍ਰਮਾਣ ਨਹੀਂ ਮੰਨਿਆ ਜਾ ਸਕਦਾ।

ਕਿਸੇ ਨਕਲੀ ਗੁਰੂ ਦੇ ਵਚਨ ਨੂੰ 'ਸ਼ਬਦ' ਦਾ ਦਰਜਾ ਨਹੀਂ ਦਿੱਤਾ ਜਾ ਸਕਦਾ । ਅਜਿਹਾ ਕਰਨਾ ਆਪਣੇ ਆਪ ਨੂੰ ਧੋਖਾ ਦੇਣਾ ਹੈ।

ਸ਼ਬਦ ਪ੍ਰਮਾਣ ਤਾਂ ਹੀ ਸਫਲ ਹੈ, ਜੇ ਸਾਧਕ ਉਸ ਨੂੰ ਪ੍ਰਤੱਖ ਕਰ ਸਕੇ। ਅਜਿਹੇ ਸ਼ਬਦ ਪ੍ਰਮਾਣ ਨਾਲ ਵੀ ਸਾਧਕ ਦੁਬਿਧਾ ਵਿੱਚ ਹੀ ਰਹਿੰਦਾ ਹੈ, ਜਿਸ ਨੂੰ ਉਹ ਕਦੇ ਪ੍ਰਤੱਖ ਨਹੀਂ ਕਰ ਸਕਿਆ। ਉਹ ਸ਼ਬਦ ਪ੍ਰਮਾਣ, ਜੋ ਪ੍ਰਤੱਖ ਨਹੀਂ ਕੀਤਾ ਗਿਆ, ਮਹਿਜ਼ ਅਪਰਾ-ਵਿਦਿਆ (ਕਿਤਾਬੀ ਗਿਆਨ) ਹੀ ਰਹਿ ਜਾਂਦਾ ਹੈ। ਉਸ ਦੀ ਭਰੋਸੇਯੋਗਤਾ ਉੱਤੇ ਸ਼ੰਕਾ ਬਣੀ ਹੀ ਰਹਿੰਦੀ ਹੈ।

ਜਦੋਂ ਸ਼ਬਦ ਪ੍ਰਮਾਣ ਨੂੰ ਸਾਧਕ ਪ੍ਰਤੱਖ ਕਰ ਲੈਂਦਾ ਹੈ, ਤਦ ਉਹ ਸ਼ਬਦ ਪ੍ਰਮਾਣ ਪ੍ਰਮਾਣਿਕ ਹੋ ਜਾਂਦਾ ਹੈ। ਸ਼ਬਦ ਪ੍ਰਮਾਣ ਨੂੰ ਪ੍ਰਤੱਖ ਕਰਨ ਤੋਂ ਬਾਅਦ ਉਸੇ ਵਿਸ਼ੇ ਬਾਰੇ ਉਸ ਸਾਧਕ ਦਾ ਆਪਣਾ ਵਚਨ ਕਿਸੇ ਹੋਰ ਸਾਧਕ ਲਈ ਸ਼ਬਦ ਪ੍ਰਮਾਣ ਹੋ ਸਕਦਾ ਹੈ।

ਕੋਈ ਅਧਿਆਪਕ ਕਿਸੇ ਖੋਜਾਰਥੀ ਨੂੰ ਦੱਸਦਾ ਹੈ ਕਿ ਇਹ ਨਿਸ਼ਚਿਤ ਰਾਸਤਾ ਤੈਅ ਕਰਨ ਤੋਂ ਬਾਅਦ ਇਹ ਨਿਸ਼ਚਿਤ ਮੰਜ਼ਿਲ ਪ੍ਰਾਪਤ ਹੋ ਸਕਦੀ ਹੈ। ਉਸ ਅਧਿਆਪਕ ਵੱਲੋਂ ਆਖੀ ਗਈ ਉਹ ਗੱਲ ਖੋਜਾਰਥੀ ਲਈ ਸ਼ਬਦ ਪ੍ਰਮਾਣ ਹੈ। ਖੋਜਾਰਥੀ ਉਸ ਅਧਿਆਪਕ ਦੀ ਆਖੀ ਹੋਈ ਗੱਲ ਨੂੰ ਚਾਹੇ ਤਾਂ ਸੋਨੇ ਵਿੱਚ ਲਿਖ ਕੇ ਆਪਣੇ ਕੋਲ ਰੱਖ ਸਕਦਾ ਹੈ। ਸੋਨੇ ਵਿੱਚ ਲਿਖੀ ਹੋਈ ਉਸ ਇਬਾਰਤ ਦੀ ਉਹ ਰੋਜ਼ ਸਵੇਰੇ ਸ਼ਾਮ ਆਰਤੀ ਵੀ ਕਰ ਸਕਦਾ ਹੈ। ਉਸ ਉੱਤੇ ਚਵਰ ਵੀ ਝੁਲਾ ਸਕਦਾ ਹੈ। ਉਸ ਦੀ ਜਿਵੇਂ ਇੱਛਾ ਹੋਵੇ, ਉਸ ਪ੍ਰਕਾਰ ਉਹ ਉਸ ਅਧਿਆਪਕ ਤੇ ਉਸ ਦੀ ਆਖੀ ਹੋਈ ਗੱਲ ਦਾ ਸਤਿਕਾਰ ਕਰ ਸਕਦਾ ਹੈ। ਪਰ, ਅਜੇ ਵੀ ਉਹ ਸ਼ਬਦ ਪ੍ਰਮਾਣ ਹੀ ਹੈ, ਖੋਜਾਰਥੀ ਦਾ ਆਪਣਾ ਨਿਜੀ ਅਨੁਭਵ ਨਹੀਂ ਹੈ। ਜੇ ਉਹ ਖੋਜਾਰਥੀ ਉਸ ਅਧਿਆਪਕ ਦੀ ਆਖੀ ਹੋਈ ਗੱਲ ਨੂੰ ਆਪਣੇ ਸ਼ਬਦਾਂ ਵਿੱਚ ਕਿਸੇ ਤੀਜੇ ਨੂੰ ਬੰਦੇ ਨੂੰ ਦੱਸਣ ਲੱਗ ਜਾਏ, ਤਾਂ ਉਹ ਖੋਜਾਰਥੀ ਦਾ ਇੰਝ ਦੱਸਣਾ 'ਸ਼ਬਦ ਪ੍ਰਮਾਣ' ਨਹੀਂ ਹੈ, ਕਿਉਂਕਿ ਉਹ ਖ਼ੁਦ ਤਾਂ ਉਸ ਨੂੰ ਪ੍ਰਤੱਖ ਨਹੀਂ ਕਰ ਸਕਿਆ, ਸਿਰਫ਼ ਸੁਣੀ-ਸੁਣਾਈ ਗੱਲ ਹੀ ਅੱਗੇ ਕਿਸੇ ਹੋਰ ਨੂੰ ਦੱਸ ਰਿਹਾ ਹੈ।

ਕੋਈ ਇਹ ਤਾਂ ਆਖ ਸਕਦਾ ਹੈ ਕਿ ਇਹ ਖੋਜਾਰਥੀ ਆਪਣੇ ਅਧਿਆਪਕ ਉੱਤੇ ਵਿਸ਼ਵਾਸ਼ ਕਰਨ ਵਾਲਾ ਇਨਸਾਨ ਹੈ। ਉਸ ਦੇ ਦਿਲ ਵਿੱਚ ਆਪਣੇ ਅਧਿਆਪਕ ਪ੍ਰਤੀ ਬਹੁਤ ਸ਼ਰਧਾ ਹੈ। ਹੋ ਸਕਦਾ ਹੈ ਕਿ ਆਪਣੇ ਅਧਿਆਪਕ ਦੀ ਆਖੀ ਹੋਈ ਜਿਸ ਗੱਲ ਨੂੰ ਉਹ ਤੀਜੇ ਬੰਦੇ ਅੱਗੇ ਦੁਹਰਾ ਰਿਹਾ ਹੈ, ਉਹ ਸੱਚ ਹੀ ਹੋਵੇ। ਜੋ ਸਕਦਾ ਹੈ ਕਿ ਉਸ ਦੇ ਅਧਿਆਪਕ ਨੇ ਉਸ ਨੂੰ ਜੋ ਦੱਸਿਆ, ਉਸ ਸੱਚ ਹੀ ਹੋਵੇ। ਹਾਂ, ਇਹ ਹੋ ਸਕਦਾ ਹੈ। ਪਰ, ਇਹ ਵੀ ਹੋ ਸਕਦਾ ਹੈ ਕਿ ਉਹ ਸਭ ਝੂਠ ਹੀ ਹੋਵੇ। ਖੋਜਾਰਥੀ ਦਾ ਆਪਣਾ ਤਜੁਰਬਾ ਤਾਂ ਕੁੱਝ ਵੀ ਨਹੀਂ ਹੈ। ਖੋਜਾਰਥੀ ਦਾ ਆਪਣੇ ਅਧਿਆਪਕ ਉੱਤੇ ਪੂਰਾ ਵਿਸ਼ਵਾਸ਼ ਹੋਣਾ ਤਾਂ ਇਹ ਸਿੱਧ ਨਹੀਂ ਕਰ ਸਕਦਾ ਕਿ ਉਸ ਅਧਿਆਪਕ ਵੱਲੋਂ ਆਖਿਆ ਗਿਆ ਵਚਨ ਸੱਚ ਹੈ।

ਅਜਿਹੇ ਖੋਜਾਰਥੀ ਨੂੰ ਜੇ ਕੋਈ ਦੂਸਰਾ ਅਧਿਆਪਕ ਮਿਲ ਕੇ ਪਹਿਲੇ ਅਧਿਆਪਕ ਵੱਲੋਂ ਆਖੀ ਹੋਈ ਗੱਲ ਦੇ ਉਲਟ ਕੋਈ ਗੱਲ ਦੱਸੇ, ਤਾਂ ਹੋ ਸਕਦਾ ਹੈ ਕਿਸੇ ਕਾਰਣ ਉਹ ਖੋਜਾਰਥੀ ਉਸ ਦੂਜੇ ਅਧਿਆਪਕ ਨੂੰ ਹੀ ਸ਼ਬਦ ਪ੍ਰਮਾਣ ਮੰਨਣ ਲੱਗ ਜਾਏ। ਜੇ ਉਹ ਖੋਜਾਰਥੀ ਦੂਸਰੇ ਅਧਿਆਪਕ ਦੀ ਆਖੀ ਹੋਈ ਗੱਲ ਨੂੰ ਵੀ ਖ਼ੁਦ ਪ੍ਰਤੱਖ ਕਰਨ ਤੋਂ ਬਿਨ੍ਹਾਂ ਹੀ ਮੰਨਣ ਲੱਗ ਪਿਆ ਹੈ, ਤਾਂ ਉਸ ਦੇ ਅੰਦਰ ਗਿਆਨ ਦੀ ਸਥਿੱਤੀ ਵਿੱਚ ਕੋਈ ਫ਼ਰਕ ਨਹੀਂ ਪਿਆ। ਉਹ ਪਹਿਲਾਂ ਵੀ ਸੁਣੀ-ਸੁਣਾਈ ਗੱਲ ਉੱਤੇ ਯਕੀਨ ਕਰ ਰਿਹਾ ਸੀ, ਉਹ ਹੁਣ ਵੀ ਸੁਣੀ-ਸੁਣਾਈ ਗੱਲ ਉੱਤੇ ਯਕੀਨ ਕਰ ਰਿਹਾ ਹੈ।

ਦੁਨੀਆਂ ਭਰ ਵਿੱਚ ਜੋ ਲੋਕ ਇੱਕ ਮਜ਼ਹਬ ਛੱਡ ਕੇ ਦੂਜੇ ਮਜ਼ਹਬ ਨੂੰ ਮੰਨਣ ਲੱਗ ਜਾਂਦੇ ਹਨ (Convert), ਉਨ੍ਹਾਂ ਵਿੱਚ ਬਹੁਤੇ ਉੱਪਰ ਦੱਸੇ ਗਏ ਕਥਿੱਤ ਖੋਜਾਰਥੀ ਵਰਗੇ ਹੀ ਹੁੰਦੇ ਹਨ, ਸੁਣੀ-ਸੁਣਾਈ ਗੱਲ ਉੱਤੇ ਵਿਸ਼ਵਾਸ਼ ਕਰਨ ਵਾਲੇ। ਉਨ੍ਹਾਂ ਨੂੰ ਸੱਚ ਦਾ ਕੁੱਝ ਵੀ ਪਤਾ ਨਹੀਂ ਹੁੰਦਾ। ਇਹ ਉਹ ਲੋਕ ਹੁੰਦੇ ਹਨ, ਜੋ ਮਹਿਜ਼ ਅਪਰਾ-ਵਿਦਿਆ (ਕਿਤਾਬੀ-ਗਿਆਨ) ਨੂੰ ਹੀ ਪਰਾ-ਵਿਦਿਆ (ਬ੍ਰਹਮ-ਗਿਆਨ) ਸਮਝਣ ਦੇ ਭਰਮ ਵਿੱਚ ਪਏ ਰਹਿੰਦੇ ਹਨ।

ਜੇ ਕੋਈ ਖੋਜਾਰਥੀ ਆਪਣੇ ਅਧਿਆਪਕ ਦੇ ਦੱਸੇ (ਸ਼ਬਦ ਪ੍ਰਮਾਣ) ਅਨੁਸਾਰ ਚੱਲੇ, ਤੇ ਫਿਰ ਉਸ ਨੂੰ ਪ੍ਰਤੱਖ ਵੀ ਕਰ ਲਏ, ਤਾਂ ਉਹ ਕਦੇ ਵੀ ਕਿਸੇ ਹੋਰ ਦੀ ਆਖੀ ਹੋਈ ਗੱਲ 'ਤੇ ਵਿਸ਼ਵਾਸ਼ ਨਹੀਂ ਕਰੇਗਾ। ਅਜਿਹਾ ਵਿਅਕਤੀ ਮਜ਼ਹਬ ਬਦਲਣ ਦੀ ਨਹੀਂ ਸੋਚੇਗਾ।

ਅਧਿਆਤਮਕ ਦੁਨੀਆਂ ਦੇ ਪਾਂਧੀ ਦਾ ਸਾਹਮਣਾ ਕਈ ਧਾਰਮਿਕ ਆਗੂਆਂ, ਸੰਪਰਦਾਵਾਂ, ਮਜ਼ਹਬਾਂ ਤੇ ਮਜ਼ਹਬੀ ਕਿਤਾਬਾਂ ਨਾਲ ਹੁੰਦਾ ਹੈ। ਹਰ ਕੋਈ ਇਹ ਆਖਦਾ ਹੈ ਕਿ ਉਸ ਦਾ ਹੀ ਰਾਸਤਾ ਸਹੀ ਹੈ। ਹਰ ਕੋਈ ਇਹ ਦਾਅਵਾ ਕਰਦਾ ਹੈ ਕਿ ਉਸ ਨੇ ਪ੍ਰਭੂ ਦੀ ਪ੍ਰਾਪਤੀ ਕਰ ਲਈ ਹੈ।

> ਘਾਟਿ ਨ ਕਿਨ ਹੀ ਕਹਾਇਆ ॥
> ਸਭ ਕਹਤੇ ਹੈ ਪਾਇਆ ॥
> (੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਰੀ ਰਾਜਨੀਤੀ ਕਰਨ ਵਾਲੇ ਵੀ ਧਾਰਮਿਕਤਾ ਦਾ ਲਿਬਾਦਾ ਧਾਰਣ ਕਰੀ ਫਿਰਦੇ ਹਨ। ਵੱਖ-ਵੱਖ ਸਮਿਆਂ ਵਿੱਚ ਰਾਜਸੱਤਾ ਦੇ ਕਈ ਲਾਲਚੀ ਪੈਦਾ ਹੋ ਕੇ ਧਾਰਮਿਕ ਆਗੂ ਹੋਣ ਦਾ ਦਾਅਵਾ ਕਰਦੇ ਹੋਏ ਘਿਰਣਾਯੋਗ ਰਾਜਨੀਤੀ ਕਰਦੇ ਹਨ। ਅਜਿਹੀ ਸਥਿਤੀ ਵਿੱਚ ਇੱਕ ਸੱਚੇ ਜਿਗਿਆਸੂ ਲਈ ਇਹ ਨਿਰਣਾ ਕਰਨਾ ਅਤਿਅੰਤ ਕਠਿਨ ਹੋ ਜਾਂਦਾ ਹੈ ਕਿ ਕਿਸ ਦੇ ਵਚਨ ਨੂੰ ਉਹ ਸ਼ਬਦ ਪ੍ਰਮਾਣ ਮੰਨੇ।

ਜਿਸ ਵਚਨ ਨੂੰ ਕੋਈ ਜਿਗਿਆਸੂ ਪ੍ਰਤੱਖ ਕਰ ਕੇ ਪ੍ਰਮਾਣਿਤ ਕਰ ਸਕੇ, ਉਹ ਸ਼ਬਦ ਪ੍ਰਮਾਣ ਉੱਤਮ ਹੈ।

ਤ੍ਰਿਗੁਣਾਤਮਕ 'ਪ੍ਰਮਾਣ' ਤੋਂ ਤ੍ਰਿਗੁਣਾਤਮਿਕਾ ਪ੍ਰਮਾ

ਤ੍ਰਿਗੁਣਾਤਮਕ ਪ੍ਰਮਾਣਾਂ ਰਾਹੀਂ ਪ੍ਰਾਪਤ ਵਸਤੂ, ਜਿਸ ਨੂੰ ਪ੍ਰਮਾ (ਗਿਆਨ) ਕਿਹਾ ਗਿਆ ਹੈ, ਤ੍ਰਿਗੁਣਾਤਮਿਕਾ ਹੈ । ਤ੍ਰਿਗੁਣਾਤਮਿਕਾ ਦਾ ਅਰਥ ਹੈ, ਤਿੰਨਾਂ ਗੁਣਾਂ ਵਾਲੀ । ਇਹ ਤਿੰਨ ਗੁਣ ਹਨ: - ਸਤਵ, ਰਜਸ ਤੇ ਤਮਸ । ਪ੍ਰਮਾ ਤ੍ਰਿਗੁਣਾਤਮਿਕਾ ਇਸ ਕਾਰਣ ਹੈ, ਕਿਉਂਕਿ ਇਸ ਨੂੰ ਪ੍ਰਾਪਤ ਕਰਨ ਦਾ ਕਰਣ ਜਾਂ ਸਾਧਨ 'ਪ੍ਰਮਾਣ' ਵੀ ਤ੍ਰਿਗੁਣਾਤਮਕ ਹੈ ।

ਸਰਵੋਤਮ ਪ੍ਰਮਾਣ 'ਪ੍ਰਤੱਖ ਪ੍ਰਮਾਣ' ਹੈ । ਇਸ 'ਪ੍ਰਤੱਖ ਪ੍ਰਮਾਣ' ਦੇ ਸਾਧਨ ਪੰਜ ਗਿਆਨ ਇੰਦਰੀਆਂ ਹਨ । ਇਹ ਪੰਜ ਗਿਆਨ-ਇੰਦਰੀਆਂ (ਕੰਨ, ਚਮੜੀ, ਅੱਖ, ਜੀਭ ਤੇ ਨੱਕ) ਤਿੰਨ ਗੁਣਾਂ ਤੋਂ ਬਣੀਆਂ ਹੋਣ ਕਾਰਣ ਤ੍ਰਿਗੁਣਾਤਮਕ ਹਨ । ਚਿੱਤ ਵੀ ਤ੍ਰਿਗੁਣਾਤਮਕ ਹੈ । ਚਿੱਤ ਤੇ ਪੰਜ ਗਿਆਨ-ਇੰਦਰੀਆਂ ਤ੍ਰਿਗੁਣਾਤਮਕ ਹੋਣ ਕਾਰਣ ਜਿਸ 'ਪ੍ਰਮਾ' ਨੂੰ ਹਾਸਿਲ ਕਰਨ ਦਾ ਸਾਧਨ ਬਣਦੀਆਂ ਹਨ, ਉਹ ਪ੍ਰਮਾ ਵੀ ਤ੍ਰਿਗੁਣਾਤਮਕ ਹੀ ਹੋ ਸਕਦੀ ਹੈ, ਤ੍ਰਿਗੁਣਾਤੀਤ ਨਹੀਂ ।

ਜੇ ਸਥੂਲ ਪੰਜ ਗਿਆਨ-ਇੰਦਰੀਆਂ ਰਾਹੀਂ ਪ੍ਰਾਪਤ ਹੋਈ ਪ੍ਰਮਾ ਤ੍ਰਿਗੁਣਾਤਮਿਕਾ ਹੈ, ਤਾਂ ਇਹ ਹੀ ਸਥਿੱਤੀ ਸੂਖਮ ਪੰਜ-ਇੰਦਰੀਆਂ ਰਾਹੀਂ ਪ੍ਰਾਪਤ ਹੋਈ ਪ੍ਰਮਾ ਦੀ ਵੀ ਹੈ । ਕਿਉਂਕਿ ਸੂਖਮ ਪੰਜ-ਇੰਦਰੀਆਂ ਵੀ ਤ੍ਰਿਗੁਣਾਤਮਿਕਾ ਹੀ ਹਨ, ਇਸਲਈ ਉਹ ਜਿਸ ਪ੍ਰਮਾ ਨੂੰ ਹਾਸਿਲ ਕਰਨ ਲਈ ਸਾਧਨ ਬਣਦੀਆਂ ਹਨ, ਉਹ ਪ੍ਰਮਾ ਵੀ ਤ੍ਰਿਗੁਣਾਤਮਿਕਾ ਹੀ ਹੋ ਸਕਦੀ ਹੈ, ਤ੍ਰਿਗੁਣਾਤੀਤ ਨਹੀਂ ।

'ਅਨੁਮਾਨ ਪ੍ਰਮਾਣ' ਤੇ 'ਉਪਮਾਨ ਪ੍ਰਮਾਣ' ਦਾ ਆਧਾਰ 'ਪ੍ਰਤੱਖ ਪ੍ਰਮਾਣ' ਹੀ ਹੈ । ਜੇ ਆਧਾਰ ਤ੍ਰਿਗੁਣਾਤਮਕ ਹੈ, ਤਾਂ ਉਸ ਉੱਤੇ ਆਧਾਰਿਤ ਵਸਤੂ ਵੀ ਤ੍ਰਿਗੁਣਾਤਮਿਕਾ ਹੀ ਹੈ । 'ਪ੍ਰਤੱਖ ਪ੍ਰਮਾਣ' ਤ੍ਰਿਗੁਣਾਤਮਿਕਾ ਹੋਣ ਕਾਰਣ 'ਅਨੁਮਾਨ ਪ੍ਰਮਾਣ' ਤੇ 'ਉਪਮਾਨ ਪ੍ਰਮਾਣ' ਵੀ ਤ੍ਰਿਗੁਣਾਤਮਕ ਹੀ ਹਨ ।

'ਸ਼ਬਦ ਪ੍ਰਮਾਣ' ਨੂੰ ਗ੍ਰਹਿਣ ਕਰਨ ਦਾ ਸਾਧਨ ਸਾਡੇ ਕੰਨ ਹਨ । ਕੰਨ ਤ੍ਰਿਗੁਣਾਤਮਕ ਹਨ । ਤ੍ਰਿਗੁਣਾਤਮਕ ਕੰਨ ਸਿਰਫ਼ ਆਪਣੇ ਤ੍ਰਿਗੁਣਾਤਮਕ ਵਿਸ਼ੇ (ਤ੍ਰਿਗੁਣਾਤਮਕ ਸ਼ਬਦ) ਨੂੰ ਹੀ ਗ੍ਰਹਿਣ ਕਰਨ ਦੇ ਸਮਰੱਥ ਹਨ । ਤ੍ਰਿਗੁਣਾਤਮਕ ਕੰਨ ਰਾਹੀਂ ਪ੍ਰਾਪਤ ਪ੍ਰਮਾ ਵੀ ਤ੍ਰਿਗੁਣਾਤਮਿਕਾ ਹੀ ਸਿੱਧ ਹੁੰਦੀ ਹੈ ।

ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥
ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥
ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ ॥੧॥
(੧੨੭੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
(੨੩੦-੨੩੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਜਿਹੀ ਪ੍ਰਮਾ, ਜੋ ਤ੍ਰਿਗੁਣਾਤਮਿਕਾ ਹੈ, ਉਹ ਤ੍ਰਿਗੁਣਾਤੀਤ ਆਤਮਾ ਜਾਂ ਨਿਰਗੁਣ ਬ੍ਰਹਮ ਦਾ ਗਿਆਨ ਕਰਾਉਣ ਵਿੱਚ ਅਸਮਰਥ ਹੈ । ਇਸ ਦਾ ਇਹ ਭਾਵ ਨਹੀਂ ਕਿ ਪ੍ਰਮਾ ਦੀ ਆਪਣੇ ਆਪ ਵਿੱਚ ਕੋਈ ਕੀਮਤ ਹੀ ਨਹੀਂ । ਜਦ ਤਕ ਸਾਧਕ ਇਸ ਮਨੁੱਖੀ ਸ਼ਰੀਰ ਰੂਪ ਪਿੰਜਰੇ ਦਾ ਕੈਦੀ ਹੈ, ਇਹ ਤ੍ਰਿਗੁਣਾਤਮਕ ਪ੍ਰਮਾਣ ਵਿਵਹਾਰਿਕ ਤੌਰ 'ਤੇ (practically) ਉਸ ਲਈ ਫ਼ਾਇਦੇਮੰਦ ਹਨ । ਹਾਂ, ਜਦੋਂ ਹੀ ਉਹ ਤ੍ਰਿਗੁਣਾਂ ਦੇ ਬੰਧਨ ਤੋਂ ਮੁਕਤ ਹੋ ਜਾਏਗਾ, ਉਸ ਦੁਆਰਾ ਇਕੱਠੀ ਕੀਤੀ ਇਹ ਸਾਰੀ ਤ੍ਰਿਗੁਣਾਮਿਕਾ ਪ੍ਰਮਾ ਬੇਅਰਥ ਹੋ ਜਾਏਗੀ ।

ਜਿਸ ਗਿਆਨਰੂਪ ਆਤਮਾ ਦਾ ਪ੍ਰਤੱਖ ਅਸੰਪਰਗਿਆਤ ਸਮਾਧੀ ਵਿੱਚ ਹੁੰਦਾ ਹੈ, ਉਹ ਤ੍ਰਿਗੁਣਾਤੀਤ ਹੈ, ਤ੍ਰਿਗੁਣ ਤੋਂ ਪਰ੍ਹੇ ਹੈ । ਇਸ ਤ੍ਰਿਗੁਣਾਤੀਤ ਪਰਮਾਤਮਾ ਨੂੰ ਜਾਣ ਲੈਣਾ ਹੀ ਪਰਾ ਵਿਦਿਆ ਜਾਂ ਬ੍ਰਹਮਗਿਆਨ ਹੈ ।

ਪ੍ਰਮਾਣ ਕਾਲ-ਪਰਿਛਿੰਨ ਹੈ

ਕਾਲ ਦੀ ਸਿਰਜਣਾ ਅਕਾਲ (ਨਿਰਗੁਣ ਬ੍ਰਹਮ) ਤੋਂ ਹੁੰਦੀ ਹੈ । ਕਾਲ ਸਾਰੀ ਸ੍ਰਿਸ਼ਟੀ ਦਾ ਈਸ਼ਵਰ ਤੇ ਕਰਤਾ ਹੈ ।

ਕਾਲ ਸਭਨ ਕਾ ਕਰਤ ਪਸਾਰਾ ॥ ਅੰਤ ਕਾਲਿ ਸੋਈ ਖਾਪਨਿਹਾਰਾ॥
ਆਪਨ ਰੂਪ ਅਨੰਤਨ ਧਰਹੀ ॥ ਆਪਹਿ ਮਧਿ ਲੀਨ ਪੁਨਿ ਕਰਹੀ ॥੩॥
(ਚਉਬੀਸ ਅਵਤਾਰ, ਦਸਮ ਗ੍ਰੰਥ ਸਾਹਿਬ)।

> ਸੰਪੂਰਣ ਲੋਕਾਂ ਵਿੱਚ ਇਹ ਕਾਲ ਹੀ ਸ਼ੁਭ-ਅਸ਼ੁਭ ਸਭ ਪਦਾਰਥਾਂ ਦਾ ਕਰਤਾ ਹੈ । ਕਾਲ ਹੀ ਸੰਪੂਰਣ ਪਰਜਾ ਦਾ ਸੰਹਾਰ ਕਰਦਾ ਹੈ ਤੇ ਉਹ ਹੀ ਫਿਰ ਸਭ ਦੀ ਸ੍ਰਿਸ਼ਟੀ ਵੀ ਕਰਦਾ ਹੈ ॥੨੪੯॥
> (ਅਨੁਕ੍ਰਮਣਿਕਾ ਪਰਵ, ਪਹਿਲਾ ਅਧਿਆਇ, ਮਹਾਂਭਾਰਤ)।

> ਇਹ ਅਵਿਨਾਸ਼ੀ ਕਾਲ ਖ਼ੁਦ ਅਨਾਦਿ, ਪਰ ਦੂਜਿਆਂ ਦਾ ਆਦਿ-ਕਰਤਾ (ਉਤਪਾਦਕ) ਹੈ ਅਤੇ ਖ਼ੁਦ ਅਨੰਤ ਹੋ ਕੇ ਵੀ ਦੂਜਿਆਂ ਦਾ ਅੰਤ ਕਰਨ ਵਾਲਾ ਹੈ । ਇਹ ਪਿਤਾ ਤੋਂ ਪੁੱਤਰ ਦੀ ਉੱਤਪਤੀ ਕਰਾਉਂਦਾ ਹੋਇਆ ਸਾਰੇ ਜਗਤ ਦੀ ਰਚਨਾ ਕਰਦਾ ਹੈ ਤੇ ਆਪਣੀ ਸੰਹਾਰਸ਼ਕਤੀ ਮੌਤ ਰਾਹੀਂ ਯਮਰਾਜ ਨੂੰ ਵੀ ਮਰਵਾ ਕੇ ਇਸ ਦਾ ਅੰਤ ਕਰ ਦਿੰਦਾ ਹੈ।
> (੪੫, ਅਧਿਆਏ ੨੯, ਤੀਜਾ ਸਕੰਧ, ਭਾਗਵਤਪੁਰਾਣ)।

ਉਹ ਹੈ ਤਾਂ ਬ੍ਰਹਮ ਹੀ, ਪ੍ਰੰਤੂ ਤ੍ਰਿਗੁਣਾਤਮਕ ਰੂਪ ਵਾਲਾ ।

ਜੇ ਕਾਲ ਦੀ ਹੋਂਦ ਨਾ ਹੋਵੇ, ਤਾਂ ਰਜੋ ਗੁਣ (ਬ੍ਰਹਮਾ) ਕਿਰਿਆਸ਼ੀਲ ਨਹੀਂ ਹੋ ਸਕਦਾ । ਜੇ ਰਜੋ ਗੁਣ ਕਿਰਿਆਸ਼ੀਲ ਨਾ ਹੋਵੇ, ਤਾਂ ਕਿਸੇ ਵੀ ਪ੍ਰਕਾਰ ਦੀ ਰਚਨਾ ਨਹੀਂ ਹੋ ਸਕਦੀ । ਕਿਸੇ ਵੀ ਤ੍ਰਿਗੁਣਾਤਮਕ ਤੱਤ ਦੀ ਰਚਨਾ ਲਈ ਜ਼ਰੂਰੀ ਹੈ ਕਿ ਕਾਲ ਦੀ ਹੋਂਦ ਹੋਵੇ । ਕੋਈ ਵੀ ਸੂਖਮ ਜਾਂ ਸਥੂਲ ਤ੍ਰਿਗੁਣਾਤਮਕ ਵਸਤੂ ਕਾਲ-ਪਰਿਛਿੰਨ (काल-परिछिन्न) ਹੁੰਦੀ ਹੈ । ਕਾਲ-ਪਰਿਛਿੰਨ ਦਾ ਅਰਥ ਹੈ, ਜੋ ਕਿਸੇ ਸਮੇਂ ਹੋਵੇ ਤੇ ਕਿਸੇ ਸਮੇਂ ਨਾ ਹੋਵੇ । ਹਰ ਤ੍ਰਿਗੁਣਾਤਮਕ ਵਸਤੂ, ਜੋ ਪੈਦਾ ਕੀਤੀ ਗਈ ਹੈ, ਕਿਸੇ ਵਕਤ ਨਹੀਂ ਸੀ ਤੇ ਕਿਸੀ ਵਕਤ ਨਹੀਂ ਹੋਏਗੀ। ਭਾਵ, ਐਸਾ ਸਮਾਂ ਸੀ, ਜਦੋਂ ਉਹ ਵਸਤੂ ਪੈਦਾ ਨਹੀਂ ਸੀ ਹੋਈ, ਤੇ ਐਸਾ ਸਮਾਂ ਆਉਂਦਾ ਹੈ, ਜਦੋਂ ਉਹ ਵਸਤੂ ਨਸ਼ਟ ਹੋ ਜਾਂਦੀ ਹੈ ।

ਹਰ ਤ੍ਰਿਗੁਣਾਤਮਕ ਵਸਤੂ ਕਾਲ-ਪਰਿਛਿੰਨ ਹੈ । ਸਿਰਫ਼ ਨਿਰਗੁਣ ਬ੍ਰਹਮ ਹੀ ਕਾਲ ਤੋਂ ਅਪਰਿਛਿੰਨ ਹੈ ।

> कालेनानवच्छेदात ॥२६॥
> ਕਾਲੇਨਾਨਵੱਛੇਦਾਤ ॥ (੨੬, ਸਮਾਧੀਪਾਦ, ਯੋਗ ਸੂਤ੍ਰ, ਆਚਾਰੀਆ ਪਤੰਜਲੀ)।

ਉਹ ਵਸਤੂ (ਪ੍ਰਮੇਯ), ਜੋ ਕਾਲ-ਪਰਿਛਿੰਨ ਹੈ, ਉਸ ਬਾਰੇ ਹਾਸਿਲ ਕੀਤੀ ਪ੍ਰਮਾ, ਤੇ ਉਸ ਪ੍ਰਮਾ ਨੂੰ ਹਾਸਿਲ ਕਰਨ ਲਈ ਵਰਤਿਆ ਗਿਆ ਸਾਧਨ (ਪ੍ਰਮਾਣ) ਵੀ ਕਾਲ-ਪਰਿਛਿੰਨ ਹੀ ਹੈ। ਕੋਈ ਐਸਾ ਸਮਾਂ ਸੀ, ਜਦੋਂ ਵਿਅਕਤੀ ਕੋਲ ਤ੍ਰਿਗੁਣਾਤਮਕ ਵਸਤੂ ਬਾਰੇ ਪ੍ਰਮਾ ਨਹੀਂ ਸੀ । ਕੋਈ ਐਸਾ ਸਮਾਂ ਆਏਗਾ, ਜਦੋਂ ਵਿਅਕਤੀ ਕੋਲ ਤ੍ਰਿਗੁਣਾਤਮਕ ਵਸਤੂ ਬਾਰੇ ਪ੍ਰਮਾ ਨਹੀਂ ਰਹੇਗੀ ।

ਉਦਾਹਰਣ ਵਜੋਂ, ਕੋਈ ਜਿਗਿਆਸੂ ਸੇਬ ਨੂੰ ਪਹਿਲੀ ਵਾਰ ਦੇਖਦਾ ਤੇ ਚੱਖਦਾ ਹੈ । ਇਸ ਤੋਂ ਪਹਿਲਾਂ ਉਸ ਨੇ ਕਦੇ ਸੇਬ ਨਹੀਂ ਸੀ ਦੇਖਿਆ । ਉਹ ਜਿਗਿਆਸੂ ਪ੍ਰਮਾਤਾ ਹੈ, ਸੇਬ ਪ੍ਰਮੇਯ ਹੈ ਤੇ ਸੇਬ ਦਾ ਸੁਆਦ ਉਸ ਪ੍ਰਮਾ ਹੈ, ਜੋ ਉਸ ਨੇ ਸੇਬ ਨੂੰ ਚੱਖ ਕੇ ਪ੍ਰਾਪਤ ਕੀਤੀ । ਇਸ ਉਦਾਹਰਣ ਵਿੱਚ, ਸੇਬ ਦੇ ਸੁਆਦ ਰੂਪੀ ਪ੍ਰਮਾ ਕਿਸੇ ਸਮੇਂ ਉਸ ਜਿਗਿਆਸੂ ਨੂੰ ਪ੍ਰਾਪਤ ਨਹੀਂ ਸੀ ਤੇ ਕਿਸੇ ਸਮੇਂ ਉਸ ਨੂੰ ਪ੍ਰਾਪਤ ਹੋ ਗਈ । ਜੋ ਪ੍ਰਾਪਤ ਹੋਈ, ਉਹ ਨਸ਼ਟ ਵੀ ਹੋ ਜਾਏਗੀ । ਇਸ ਲਈ, ਉਸ ਦੁਆਰਾ ਪ੍ਰਾਪਤ ਕੀਤੀ ਇਹ ਪ੍ਰਮਾ ਕਾਲ-ਪਰਿਛਿੰਨ ਹੈ ।

ਅਸੀਂ ਐਸੇ ਵਿਅਕਤੀ ਦੇਖਦੇ ਹਾਂ, ਜੋ ਐਸੀ ਸਥਿਤੀ ਵਿੱਚ ਪੁੱਜ ਜਾਂਦੇ ਹਨ, ਜਦੋਂ ਉਹ ਆਪਣੇ ਹੀ ਪਰਿਵਾਰ ਦੇ ਜੀਆਂ ਨੂੰ ਪਹਿਚਾਣ ਨਹੀਂ ਸਕਦੇ । ਪਰਿਵਾਰਾਂ ਦੇ ਜੀਆਂ ਸੰਬੰਧੀ ਜਾਣਕਾਰੀ ਉਨ੍ਹਾਂ ਨੇ ਉਦੋਂ ਪ੍ਰਾਪਤ ਕੀਤੀ ਸੀ, ਜਦੋਂ ਉਨ੍ਹਾਂ ਜੀਆਂ ਨਾਲ ਉਨ੍ਹਾਂ ਦਾ ਸੰਬੰਧ ਹੋਇਆ, ਪਰ ਬਾਅਦ ਵਿੱਚ ਕਿਸੇ ਰੋਗ ਆਦਿ ਕਾਰਣ ਉਹ ਸਾਰੀ ਜਾਣਕਾਰੀ ਉਨ੍ਹਾਂ ਦੇ ਚੇਤਿਆਂ ਵਿੱਚੋਂ ਖ਼ਤਮ ਹੋ ਗਈ । ਕੋਈ ਸਮਾਂ ਸੀ, ਜਦੋਂ ਉਹ ਪਰਿਵਾਰ ਦੇ ਜੀਆਂ ਨੂੰ ਨਹੀਂ ਜਾਣਦੇ ਸਨ, ਫਿਰ ਜਾਣਨ ਲੱਗੇ ਤੇ ਮਗਰੋਂ ਭੁੱਲ ਵੀ ਗਏ । ਇਸ ਤੋਂ ਸਿੱਧ ਹੁੰਦਾ ਹੈ ਕਿ ਪ੍ਰਾਪਤ ਕੀਤੀ ਜਾਣਕਾਰੀ (ਜਾਂ ਪ੍ਰਮਾ) ਕਾਲ-ਪਰਿਛਿੰਨ ਹੁੰਦੀ ਹੈ ।

ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਕੋਈ ਜੀਵ ਕਿਸੇ ਵੇਲੇ ਅਧਿਆਤਮਿਕ ਗਹਿਰਾਈ ਤੋਂ ਅਣਜਾਣ ਹੁੰਦਾ ਹੈ । ਫਿਰ, ਕਿਸੇ ਵੇਲੇ ਉਹ ਕਿਸੇ ਇੱਕ ਜਾਂ ਜ਼ਿਆਦਾ ਪ੍ਰਮਾਣਾਂ ਰਾਹੀਂ ਅਧਿਆਤਮ-ਵਿਦਿਆ ਬਾਰੇ ਕੁੱਝ-ਕੁ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ । ਮਗਰੋਂ, ਉਹ ਪ੍ਰਾਪਤ ਕੀਤੀ ਉਸ ਜਾਣਕਾਰੀ ਨੂੰ ਭੁੱਲ ਵੀ ਬੈਠਦਾ ਹੈ । ਇਹ ਸਭ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਪ੍ਰਮਾਣਾਂ ਰਾਹੀਂ ਪ੍ਰਾਪਤ ਹੋਣ ਵਾਲੀ ਪ੍ਰਮਾ ਕਾਲ-ਪਰਿਛਿੰਨ ਹੁੰਦੀ ਹੈ ।

ਇਹ ਬਹੁਤ ਸੁਭਾਵਿਕ ਹੈ ਕਿ ਕਿਸੇ ਜੀਵ ਵੱਲੋਂ ਇਸ ਜਨਮ ਵਿੱਚ ਪ੍ਰਾਪਤ ਕੀਤਾ ਗਿਆ ਗਿਆਨ ਉਸ ਤੋਂ ਪਿੱਛਲੇ ਜਨਮ ਵਿੱਚ ਉਸ ਨੂੰ ਪ੍ਰਾਪਤ ਨਹੀਂ ਸੀ । ਇਹ ਵੀ ਬਹੁਤ ਸੰਭਾਵਿਤ ਹੈ ਕਿ ਜੇ ਉਹ ਫਿਰ ਜਨਮ ਲਏ, ਤਾਂ ਇਸ ਜਨਮ ਵਿੱਚ ਪ੍ਰਾਪਤ ਕੀਤਾ ਗਿਆਨ ਅਗਲੇ ਜਨਮ ਵਿੱਚ ਉਸ ਕੋਲ ਨਾ ਹੋਵੇ । ਇਸ ਤਰ੍ਹਾਂ, ਇਹ ਸਪਸ਼ਟ ਹੈ ਕਿ ਪ੍ਰਮਾਣਾਂ ਰਾਹੀਂ ਪ੍ਰਾਪਤ ਹੋਣ ਵਾਲੀ ਪ੍ਰਮਾ ਕਾਲ-ਪਰਿਛਿੰਨ ਹੁੰਦੀ ਹੈ ।

ਤ੍ਰਿਗੁਣ ਤੋਂ ਪਰ੍ਹੇ (ਤ੍ਰਿਗੁਣਾਤੀਤ) ਜੋ ਬ੍ਰਹਮ ਹੈ, ਉਹ ਖ਼ੁਦ ਹੀ ਗਿਆਨ ਸਰੂਪ ਹੈ। ਉਸ ਦਾ ਉਹ ਗਿਆਨ ਸਰੂਪ ਵੀ ਤ੍ਰਿਗੁਣਾਤੀਤ ਹੈ। ਉਸ ਦਾ ਉਹ ਸਰੂਪ ਤ੍ਰਿਗੁਣਾਤਮਕ ਭਾਸ਼ਾ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਜਦੋਂ ਜੀਵ ਜਨਮ ਲੈਂਦਾ ਹੈ, ਉਸ ਦਾ ਚਿੱਤ ਪਿੱਛਲੇ ਜਨਮਾਂ ਦੇ ਸੰਸਕਾਰਾਂ ਨਾਲ ਭਰਿਆ ਹੁੰਦਾ ਹੈ। ਉਨ੍ਹਾਂ ਸੰਸਕਾਰਾਂ ਅਧੀਨ ਹੋਇਆ ਜੀਵ ਨਵੇਂ ਕਰਮ ਕਰਦਾ ਰਹਿੰਦਾ ਹੈ। ਨਵੇਂ ਕੀਤੇ ਜਾ ਰਹੇ ਕਰਮ ਉਸ ਨੂੰ ਹੋਰ ਸੰਸਕਾਰ ਦਿੰਦੇ ਹਨ, ਜੋ ਉਸ ਦੇ ਚਿੱਤ ਉੱਤੇ ਪ੍ਰਭਾਵ ਪਾਉਂਦੇ ਰਹਿੰਦੇ ਹਨ।

--0--